ਸੋਮਵਾਰ,Monday
27 ਫਰਵਰੀ 2023
ਨਾਨਕਸ਼ਾਹੀ ਸੰਮਤ-554
ਪੰਨੇ 8, ਅੰਕ 10
ਮੁੱਲ- 5.00 ਰੁਪਏ

ROZANA SAVERA NEWSPAPER

# ਰੋਜ਼ਾਨਾ ਸਵੇਰਾ

ਪੰਜਾਬੀਆਂ ਦੇ ਹੱਕ ਦੀ ਆਵਾਜ਼

(ਮਹੀਨਾਵਾਰ)
• ਬਠਿੰਡਾ •
RNI. T.Code
(PUNPUN04267)

Monday, 27 February 2023, Ph. 98032-98016
www.rozanasavera.com
www.epaper.rozanasavera.com
ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ ਔਲਖ o ਬਠਿੰਡਾ o

## ਮੁੱਖ ਮੰਤਰੀ ਨੇ ਫਾਜ਼ਿਲਕਾ ਵਿਖੇ 578.28 ਕਰੋੜ ਦੀ ਲਾਗਤ ਵਾਲੇ ਨਹਿਰੀ ਪਾਣੀ ਅਧਾਰਤ ਪ੍ਰਜੈਕਟ ਦਾ ਰੱਖਿਆ ਨੀਂਹ ਪੱਥਰ

➢ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਮਹਿਲਾਵਾਂ ਨੂੰ ਮੋਹਰੀ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ➢ ਪਹਿਲੀ ਅਪਰੈਲ ਤੋਂ ਨਰਮੇ ਦੀ ਫ਼ਸਲ ਲਈ ਨਹਿਰੀ ਪਾਣੀ ਦੀ ਸਪਲਾਈ ਦੇਣ ਦਾ ਐਲਾਨ

**ਫਾਜ਼ਿਲਕਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰ ਘਰ ਤੱਕ ਪੀਣ ਵਾਲਾ ਸਾਫ਼ ਪਾਣੀ ਯਕੀਨੀ ਬਣਾਉਣ ਦੇ ਮੰਤਵ ਨਾਲ ਅੱਜ 578.28 ਕਰੋੜ ਰੁਪਏ ਦੀ ਲਾਗਤ ਨਾਲ ਪਾਣੀ ਦੀ ਸਫ਼ਾਈ, ਭੰਡਾਰਨ ਅਤੇ ਸਪਲਾਈ ਨੂੰ ਯਕੀਨੀ ਬਣਾਉਣ ਲਈ ਆਪਣੀ ਕਿਸਮ ਦੇ ਪਹਿਲੇ ਪ੍ਰਾਜੈਕਟ ਦਾ ਰਸਮੀ ਤੌਰ ਉਤੇ ਨੀਂਹ ਪੱਥਰ ਰੱਖਿਆ।

ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਖੇਤਰ ਦੇ ਧਰਤੀ ਹੇਠਲੇ ਪਾਣੀ ਵਿੱਚ ਟੀ.ਡੀ.ਐਸ ਅਤੇ ਹੋਰ ਭਾਰੀ ਤੱਤ ਕਾਫ਼ੀ ਮਾਤਰਾ ਵਿੱਚ ਮੌਜੂਦ ਹਨ, ਜੋ ਕਿ ਹੈਪੇਟਾਈਟਸ ਸੀ, ਕੈਂਸਰ, ਚਮੜੀ ਰੋਗ ਆਦਿ ਘਾਤਕ ਬਿਮਾਰੀਆਂ ਦਾ ਮੁੱਖ ਕਾਰਨ ਹਨ। ਉਨ੍ਹਾਂ ਕਿਹਾ ਕਿ ਖਾਸ ਤੌਰ @ਤੇ ਬੱਲੂਆਣਾ ਹਲਕੇ ਨੂੰ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਰਕੇ ਸੂਬਾ ਸਰਕਾਰ ਨੇ ਇਸ ਖੇਤਰ ਵਿੱਚ ਪ੍ਰਾਜੈਕਟ ਲਗਾਉਣ ਦਾ ਫੈਸਲਾ ਕੀਤਾ ਹੈ। ਭਗਵੰਤ ਮਾਨ ਨੇ ਦੱਸਿਆ ਕਿ ਇਹ ਪ੍ਰਾਜੈਕਟ ਅਬੋਹਰ, ਖੂਹੀਆਂ ਸਰਵਰ, ਅਰਨੀਵਾਲਾ ਅਤੇ ਫਾਜ਼ਿਲਕਾ




ਦੇ ਵੱਖ-ਵੱਖ ਬਲਾਕਾਂ ਦੇ 122 ਪਿੰਡਾਂ ਅਤੇ 15 ਢਾਣੀਆਂ (ਹੈਮਲੇਟ) ਨੂੰ ਪੀਣ ਯੋਗ ਸਾਫ਼ ਪਾਣੀ ਮੁਹੱਈਆ ਕਰਵਾਏਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ @ਤੇ 79,190 ਘਰਾਂ ਦੀ 4,75,144 ਆਬਾਦੀ ਨੂੰ ਕਵਰ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਹ ਪ੍ਰਾਜੈਕਟ ਨਿਰੋਲ ਨਹਿਰੀ ਪਾਣੀ @ਤੇ ਅਧਾਰਤ ਹੈ, ਜੋ ਕਿ 68 ਐਮ.ਐਲ.ਡੀ ਦੀ ਸਮਰੱਥਾ ਵਾਲਾ ਹੈ ਅਤੇ ਇਸ ਨੂੰ ਗੰਗ ਕੈਨਾਲ ਤੋਂ ਪਾਣੀ ਮਿਲੇਗਾ। ਇਹ ਪ੍ਰਾਜੈਕਟ ਸਿਰਫ਼ 30 ਮਹੀਨਿਆਂ ਦੇ ਰਿਕਾਰਡ ਸਮੇਂ ਵਿੱਚ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰਾਜੈਕਟ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ ਕਿਉਂਕਿ ਹਰ ਘਰ ਤੱਕ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਲਾਰਸਨ ਐਂਡ ਟੂਬਰੋ ਵੱਲੋਂ ਲਗਭਗ 750 ਕਿਲੋਮੀਟਰ ਪਾਈਪ ਲਾਈਨ ਵਿਛਾਈ ਜਾਵੇਗੀ ਅਤੇ 21 ਜਲ ਸਪਲਾਈ ਸਕੀਮਾਂ ਸਥਾਪਿਤ ਕੀਤੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੀ ਸਫ਼ਾਈ ਅਤੇ ਭੰਡਾਰਨ ਅਤੇ ਹੋਰ ਉਦੇਸ਼ਾਂ ਲਈ ਪ੍ਰਾਜੈਕਟ ਵਾਲੇ ਸਥਾਨ @ਤੇ ਐਸ ਐਂਡ ਐਸ ਟੈਂਕ, ਕਲੈਰੀਫਲੋਕੁਲੇਟਰ, ਫਿਲਟਰ ਹਾਊਸ, ਪੰਪ ਹਾਊਸ ਅਤੇ ਕਲੀਅਰ ਵਾਟਰ ਟੈਂਕ ਸਥਾਪਿਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਦੇਸ਼ ਵਿੱਚ ਆਪਣੀ ਕਿਸਮ ਦਾ ਪਹਿਲਾ ਪ੍ਰਾਜੈਕਟ ਹੈ, ਜਿਸ ਦਾ ਉਦੇਸ਼ ਵਸਨੀਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਇਹ ਪ੍ਰਾਜੈਕਟ ਲੋਕਾਂ ਦੀ ਕਿਸਮਤ ਬਦਲ ਦੇਵੇਗਾ।

ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਮਹਿਲਾਵਾਂ ਨੂੰ ਅੱਗੇ ਆਉਣ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਿਲਾਵਾਂ ਵਿੱਚ ਕੁਦਰਤੀ ਤੌਰ 'ਤੇ ਆਪਣੇ ਘਰ ਦੀ ਆਰਥਿਕਤਾ ਨੂੰ ਸੁਚੱਜੇ ਢੰਗ ਨਾਲ ਯੋਜਨਾਬੱਧ ਕਰਨ ਦੀ ਪ੍ਰਵਿਰਤੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਸਾਕਾਰਾਤਮਕ ਦਿਸ਼ਾ ਵਿੱਚ ਚੀਜ਼ਾਂ ਦੀ ਬਿਹਤਰ ਯੋਜਨਾ ਅਤੇ ਰਣਨੀਤੀ ਬਣਾ ਸਕਦੀਆਂ ਹਨ ਅਤੇ ਇਹ ਸਮਾਜ ਲਈ ਬਹੁਤ ਲਾਹੇਵੰਦ ਹੋ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀ ਸਰਕਾਰ ਨੇ ਇਸ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ ਮਹਿਲਾ ਅਧਿਕਾਰੀਆਂ ਦੀ ਤਾਇਨਾਤੀ ਕੀਤੀ ਹੈ ਤਾਂ ਜੋ ਸੂਬੇ ਅਤੇ ਖਾਸ ਕਰਕੇ ਜ਼ਿਲ੍ਹੇ ਦੇ ਸਮਾਜਿਕ ਆਰਥਿਕ ਵਿਕਾਸ ਵਿੱਚ ਮਹਿਲਾਵਾਂ ਨੂੰ ਸਰਗਰਮ ਭਾਗੀਦਾਰ ਬਣਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਵੱਲੋਂ ਮਹਿਲਾਵਾਂ ਨੂੰ 12 ਟਿਕਟਾਂ ਅਲਾਟ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਸਾਰਿਆਂ ਨੇ ਭਾਰੀ ਫ਼ਤਵਾ ਲੈ ਕੇ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਇਸ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਮਹਿਲਾਵਾਂ ਸਮਾਜ ਵਿੱਚ ਲੋੜੀਂਦੇ ਬਦਲਾਅ ਲਿਆਉਣ ਲਈ ਤਬਦੀਲੀ ਦੇ ਉਤਪ੍ਰੇਰਕ ਵਜੋਂ ਕੰਮ ਕਰਨ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਸੂਬਾ ਸਰਕਾਰ ਦੇ ਠੋਸ ਉਪਰਾਲਿਆਂ ਨਾਲ ਪੰਜਾਬ ਜਲਦ ਹੀ ਹਰ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣੇਗਾ।

ਇੱਕ ਹੋਰ ਵੱਡਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਅਪਰੈਲ ਤੋਂ ਕਿਸਾਨਾਂ ਲਈ ਨਰਮੇ ਦੀ ਫ਼ਸਲ ਵਾਸਤੇ ਨਹਿਰੀ ਪਾਣੀ ਉਪਲਬਧ ਹੋਵੇਗਾ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਚੋਰੀ ਨੂੰ ਰੋਕਣ ਲਈ ਪੁਲਿਸ ਤਾਇਨਾਤ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ

**(ਬਾਕੀ ਸਫ਼ਾ 2 'ਤੇ)**

## ਜੱਜਾਂ 'ਚ ਨਹੀਂ, ਨਿਆਂਇਕ ਢਾਂਚੇ 'ਚ ਖਾਮੀਆਂ: ਰਿਜਿਜੂ

**ਉਦੈਪੁਰ,**
**-ਰੋਜ਼ਾਨਾ ਸਵੇਰਾ-**

ਵੱਡੀ ਗਿਣਤੀ ਬਕਾਇਆ ਪਏ ਕੇਸਾਂ ਦਾ ਹਵਾਲਾ ਦਿੰਦਿਆਂ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਅੱਜ ਕਿਹਾ ਕਿ, 'ਇਹ ਜੱਜਾਂ ਦਾ ਨਹੀਂ ਬਲਕਿ ਢਾਂਚੇ ਦਾ ਦੋਸ਼ ਹੈ', ਤੇ ਸਰਕਾਰ ਇਸ ਮੁੱਦੇ ਨੂੰ ਹੱਲ ਕਰਨ ਲਈ ਕਦਮ ਚੁੱਕ ਰਹੀ ਹੈ। ਰਿਜਿਜੂ ਨੇ ਕਿਹਾ, 'ਅਸੀਂ ਅਜਿਹੇ ਢਾਂਚੇ ਵੱਲ ਵੱਧ ਰਹੇ ਹਾਂ ਜੋ ਮੁਲਕ ਵਿਚ ਹੋਣਾ ਚਾਹੀਦਾ ਹੈ।' ਉਨ੍ਹਾਂ ਨਾਲ ਹੀ ਮਿਆਦ ਪੁਗਾ ਚੁੱਕੇ ਤੇ ਨਕਾਰਾ ਹੋ ਚੁੱਕੇ ਕਾਨੂੰਨਾਂ ਨੂੰ ਖ਼ਤਮ ਕਰਨ ਦਾ ਸੱਦਾ ਦਿੱਤਾ। ਇਸ ਤੋਂ ਇਲਾਵਾ ਅਦਾਲਤਾਂ ਦਾ ਬੁਨਿਆਦੀ ਢਾਂਚਾ ਬਿਹਤਰ ਕਰਨ ਤੇ ਇਨ੍ਹਾਂ ਨੂੰ ਤਕਨੀਕ ਨਾਲ ਲੈਸ ਕਰਨ ਉਤੇ ਵੀ ਜ਼ੋਰ ਦਿੱਤਾ। ਕਾਨੂੰਨ ਮੰਤਰੀ ਇੱਥੇ 'ਲਾਅ ਕਮਿਸ਼ਨ ਆਫ ਇੰਡੀਆ'



ਵੱਲੋਂ ਕਰਵਾਈ ਕਾਨਫਰੰਸ ਵਿਚ ਸੰਬੋਧਨ ਕਰ ਰਹੇ ਸਨ। ਮੰਤਰੀ ਨੇ ਕਿਹਾ ਕਿ ਬਕਾਇਆ ਪਏ ਕੇਸਾਂ ਦੀ ਗਿਣਤੀ 4.90 ਕਰੋੜ ਤੋਂ ਪਾਰ ਹੋ ਗਈ ਹੈ। ਰਿਜਿਜੂ ਨੇ ਕਿਹਾ ਕਿ ਐਨੇ ਕੇਸ ਬਕਾਇਆ ਪਿਆ ਹੋਣਾ ਕਿਸੇ ਵੀ ਮੁਲਕ ਜਾਂ ਸਮਾਜ ਲਈ ਚੰਗਾ ਨਹੀਂ ਹੈ। ਇਸ ਦੇ ਕਈ ਕਾਰਨ ਹੈ ਤੇ ਜੱਜਾਂ ਦੀ ਹਾਲਤ ਵੀ ਮਾੜੀ ਹੈ। ਇਕ ਜੱਜ ਦਿਨ ਵਿਚ 50-60 ਕੇਸ ਦੇਖ ਰਿਹਾ ਹੈ। ਉਹ ਕਈ ਕੇਸਾਂ ਦਾ ਨਿਬੇੜਾ ਕਰ ਰਹੇ ਹਨ ਪਰ ਨਾਲ ਹੀ ਰੋਜ਼ਾਨਾ ਨਵੇਂ ਦੁੱਗਣੇ ਕੇਸ ਆ ਰਹੇ ਹਨ। ਰਿਜਿਜੂ ਨੇ ਕਿਹਾ ਕਿ ਆਮ ਵਿਅਕਤੀ ਇਸ ਬਾਰੇ ਸਵਾਲ ਪੁੱਛਦਾ ਹੈ, ਪਰ ਲੋਕ ਨਹੀਂ ਜਾਣਦੇ ਕਿ ਜੱਜ ਕਿਵੇਂ ਕੰਮ ਕਰਦਾ ਹੈ, ਇਹ ਢਾਂਚੇ ਦੀ ਖਾਮੀ ਹੈ। ਉਨ੍ਹਾਂ ਕਿਹਾ ਕਿ ਬਕਾਇਆ ਕੇਸਾਂ ਦੀ ਗਿਣਤੀ ਘਟਾਉਣ ਲਈ ਤਕਨੀਕ ਇਕ ਹੱਲ ਹੈ। ਹਾਈ ਕੋਰਟਾਂ, ਹੇਠਲੀਆਂ ਅਦਾਲਤਾਂ ਨੂੰ ਤਕਨੀਕ ਨਾਲ ਲੈਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਿਆਂਪਾਲਿਕਾ ਨੂੰ 'ਪੇਪਰਲੈੱਸ' ਬਣਾਉਣ ਲਈ ਵੀ ਕਦਮ ਚੁੱਕੇ ਜਾ ਰਹੇ ਹਨ।

## ਸਪੀਕਰ ਸੰਧਵਾਂ ਵੱਲੋਂ ਸਿੱਕਮ ਵਿਧਾਨ ਸਭਾ ਵਿਖੇ 19ਵੀਂ ਸਾਲਾਨਾ ਸੀ.ਪੀ.ਏ. ਭਾਰਤੀ ਖੇਤਰੀ ਜ਼ੋਨ-999 ਕਾਨਫ਼ਰੰਸ ਵਿੱਚ ਸ਼ਮੂਲੀਅਤ




**ਚੰਡੀਗੜ੍ਹ,**
**-ਨਿਊਜ਼ਲਾਈਨ ਐਕਸਪ੍ਰੈਸ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਸਿੱਕਮ ਵਿਧਾਨ ਸਭਾ ਵੱਲੋਂ ਕਰਵਾਈ ਗਈ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ (ਸੀ.ਪੀ.ਏ.), ਭਾਰਤੀ ਖੇਤਰੀ ਜ਼ੋਨ-999 ਦੀ 19ਵੀਂ ਸਾਲਾਨਾ ਕਾਨਫ਼ਰੰਸ ਵਿੱਚ ਹਿੱਸਾ ਲਿਆ।

ਗੰਗਟੋਕ ਵਿਖੇ 23 ਅਤੇ 24 ਫ਼ਰਵਰੀ ਨੂੰ ਹੋਈ ਕਾਨਫ਼ਰੰਸ ਵਿੱਚ ÷ਸੰਸਦ ਅਤੇ ਅਸੈਂਬਲੀ ਨੂੰ ਨਾਗਰਿਕਾਂ ਲਈ ਵਧੇਰੇ ਪਹੁੰਚਯੋਗ ਬਣਾਉਣਾ÷, ÷ਨਸ਼ੇ ਰੋਕਣਾ ਅਤੇ ਅੱਗੇ ਵਧਣ ਦੇ ਰਾਹ ਤਲਾਸ਼ਣਾ÷ ਅਤੇ ÷ਸਾਈਬਰ ਬੁਲਿੰਗ÷ ਜਿਹੇ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਾਨਫ਼ਰੰਸ ਦਾ ਉਦਘਾਟਨ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਕੀਤਾ।

ਸ. ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਦੋ ਦਿਨ ਚੱਲੀ ਇਹ ਕਾਨਫ਼ਰੰਸ ਕਾਫ਼ੀ ਸਾਰਥਕ ਰਹੀ, ਜਿੱਥੇ ਵੱਖ-ਵੱਖ ਸਮਾਜਿਕ ਮੁੱਦਿਆਂ ਅਤੇ ਨਾਗਰਿਕਾਂ ਦੀ ਭਲਾਈ ਸਬੰਧੀ ਚੁਣੌਤੀਆਂ ਦਾ ਡੂੰਘਾਈ ਨਾਲ ਹੱਲ ਲੱਭਿਆ ਗਿਆ। ਉਨ੍ਹਾਂ ਕਿਹਾ ਕਿ ਕਾਨਫ਼ਰੰਸ ਵਿੱਚ ਪੁੱਜੇ ਡੈਲੀਗੇਟਸ ਨੇ ਉਦਘਾਟਨੀ ਅਤੇ ਪਲੇਨਰੀ ਸੈਸ਼ਨ ਦੌਰਾਨ ਨਸ਼ਿਆਂ ਦੀ ਲਾਹਣਤ ਨਾਲ ਸਬੰਧਤ ਕਈ ਸਮਾਜਿਕ ਅਤੇ ਨੈਤਿਕ ਮੁੱਦਿਆਂ ਬਾਰੇ ਆਪਣੀਆਂ ਚਿੰਤਾਵਾਂ ਦਾ ਪ੍ਰਗਟਾਵਾ ਕੀਤਾ।

ਮੁੱਖ ਮਹਿਮਾਨ ਸ੍ਰੀ ਓਮ ਬਿਰਲਾ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਡੈਲੀਗੇਟਸ ਨੇ ਨਸ਼ਿਆਂ ਨਾਲ ਸਬੰਧਤ ਸਮੱਸਿਆਵਾਂ ਨੂੰ ਦੂਰ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਕੁਸ਼ਲ ਨੀਤੀ ਬਣਾਉਣ ਅਤੇ ਇਸ ਨੂੰ ਲਾਗੂ ਕਰਨ ਲਈ ਆਪਣੇ ਕੀਮਤੀ ਸੁਝਾਅ ਦਿੱਤੇ। ਉਨ੍ਹਾਂ ਕਿਹਾ ਕਿ ਸਮੂਹ ਮੈਂਬਰਾਂ ਨੂੰ ਦੋ-ਦਿਨ ਲੰਮੇ ਸੈਸ਼ਨਾਂ ਦੌਰਾਨ ਵਿਚਾਰੇ ਗਏ ਕੀਮਤੀ ਸੁਝਾਅ ਜ਼ਰੂਰ ਅਪਨਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਆਪੋ-ਆਪਣੇ ਸੂਬਿਆਂ ਵਿੱਚ ਲਾਗੂ ਕਰਨ ਲਈ ਅੱਗੇ ਵਧਣਾ ਚਾਹੀਦਾ ਹੈ।

ਉਨ੍ਹਾਂ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਾਰਥਕ ਇਨਪੁਟ ਨੂੰ ਉਤਸ਼ਾਹਿਤ ਕਰਨ ਲਈ ਲੋਕਾਂ ਦੀ ਸ਼ਮੂਲੀਅਤ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ।

ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਸਮੂਹ ਮੈਂਬਰਾਂ ਦਾ ਮੰਨਣਾ ਸੀ ਕਿ ਨਸ਼ਾਖੋਰੀ ਵਿਸ਼ਵ ਪੱਧਰ 'ਤੇ ਵੱਡੀ ਸਮਾਜਿਕ ਸਮੱਸਿਆ ਬਣ ਗਈ ਹੈ ਅਤੇ ਨਸ਼ਿਆਂ ਦੀ ਬੀਮਾਰੀ ਨੂੰ ਖ਼ਤਮ ਕਰਨ ਲਈ ਸਿੱਖਿਆ ਅਤੇ ਜਾਗਰੂਕਤਾ ਬਹੁਤ ਜ਼ਰੂਰੀ ਹੈ।

ਉਨ੍ਹਾਂ ਉਮੀਦ ਜਤਾਈ ਕਿ ਸੀ.ਪੀ.ਏ. ਭਾਰਤੀ ਖੇਤਰੀ ਜ਼ੋਨ-999 ਕਾਨਫ਼ਰੰਸ, ਨੀਤੀ ਅਤੇ ਕਾਨੂੰਨ ਨਿਰਮਾਤਾਵਾਂ ਲਈ ਦੇਸ਼ ਵਿੱਚ ਚੰਗੇ ਪ੍ਰਸ਼ਾਸਨ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਇੱਕ ਸਪੱਸ਼ਟ ਰੂਪ ਰੇਖਾ ਦਾ ਮੁਲਾਂਕਣ ਕਰਨ ਹਿੱਤ ਇੱਕ ਪਲੇਟਫ਼ਾਰਮ ਵਜੋਂ ਕੰਮ ਕਰੇਗੀ। ਕਾਨਫ਼ਰੰਸ ਨੇ ਮੁੱਦਿਆਂ ਨੂੰ ਉਠਾਉਣ, ਵਿਚਾਰ-ਵਟਾਂਦਰੇ ਅਤੇ ਹੱਲ ਲਈ ਨਿਯਮਿਤ ਤੌਰ 'ਤੇ ਬਹਿਸ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।

## ਰਾਅ ਦੇ ਸਾਬਕਾ ਪ੍ਰਮੁੱਖ ਦੀ ਪੰਜਾਬ 'ਚ ਕੁਸ਼ਾਸਨ ਵਿਰੁੱਧ ਚਿਤਾਵਨੀ: ਸੂਬੇ 'ਚ ਦਿੱਲੀ ਤੋਂ ਨਹੀਂ ਚਲਾਈ ਜਾ ਸਕਦੀ ਹਕੂਮਤ

**ਕੋਲਕਾਤਾ,**
**-ਨਿਊਜ਼ਲਾਈਨ ਐਕਸਪ੍ਰੈਸ-**

ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਸਾਬਕਾ ਮੁਖੀ ਅਮਰਜੀਤ ਸਿੰਘ ਦੁਲਟ ਨੇ ਪੰਜਾਬ ਵਰਗੇ 'ਸੰਵੇਦਨਸ਼ੀਲ ਸਰਹੱਦੀ ਸੂਬੇ' ਵਿੱਚ ਕੁਸ਼ਾਸਨ ਵਿਰੁੱਧ ਚਿਤਾਵਨੀ ਦਿੱਤੀ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਇਸ ਸੂਬੇ ਵਿੱਚ 'ਦਿੱਲੀ ਤੋਂ ਸ਼ਾਸਨ' ਨਹੀਂ ਕੀਤਾ ਜਾ ਸਕਦਾ।



ਸ੍ਰੀ ਦੁਲਟ ਨੇ ਹਾਲਾਂਕਿ ਕਿਹਾ ਕਿ ਉਨ੍ਹਾਂ ਨੇ ਪੰਜਾਬ ਵਿੱਚ ਮੁੜ ਅਤਿਵਾਦ ਦੇ ਉਭਾਰ ਦੀ ਭਵਿੱਖਬਾਣੀ ਨਹੀਂ ਕੀਤੀ ਪਰ ਜ਼ੋਰ ਦੇ ਕੇ ਕਿਹਾ ਕਿ ਸੂਬੇ ਪ੍ਰਤੀ ÷ਹਮਦਰਦੀ÷ ਭਰੇ ਰਵੱਈਏ ਦੀ ਲੋੜ ਹੈ। ਰਾਅ ਦੇ ਸਾਬਕਾ ਨਿਰਦੇਸ਼ਕ ਨੇ ਇੰਟਰਵਿਊ ਵਿੱਚ ਕਿਹਾ, 'ਮੇਰਾ ਪੱਕਾ ਵਿਸ਼ਵਾਸ ਹੈ ਕਿ ਨਾ ਤਾਂ ਪੰਜਾਬ ਅਤੇ ਨਾ ਹੀ ਕਸ਼ਮੀਰ 'ਤੇ ਦਿੱਲੀ ਤੋਂ ਸ਼ਾਸਨ ਕੀਤਾ ਜਾ ਸਕਦਾ ਹੈ। ਲੋਕ ਇਸ ਤੋਂ ਨਾਰਾਜ਼ ਹਨ। ਭਾਵੇਂ ਭਗਵੰਤ ਮਾਨ ਇੱਕ ਚੰਗੇ ਵਿਅਕਤੀ ਹਨ, ਉਹ ਕਾਬਲ ਨਹੀਂ ਹਨ। ਅਰਵਿੰਦ ਕੇਜਰੀਵਾਲ (ਦਿੱਲੀ ਦੇ ਮੁੱਖ ਮੰਤਰੀ) ਪੰਜਾਬ ਨੂੰ ਨਹੀਂ ਚਲਾ ਸਕਦੇ।'

## ਪੰਜਾਬ 'ਚ ਹਾਲਾਤ ਕਾਬੂ ਹੇਠ: ਮਾਨ



**ਮੁੰਬਈ,**
**-ਨਿਊਜ਼ਲਾਈਨ ਐਕਸਪ੍ਰੈਸ-**

ਅਜਨਾਲਾ ਵਿੱਚ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਅਤੇ ਪੰਜਾਬ ਪੁਲੀਸ ਦਰਮਿਆਨ ਝੜਪ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਰਾਜ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਕਾਬੂ ਹੇਠ ਹੈ।

ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਦੀ ਮੁੰਬਈ ਸਥਿਤ ਰਿਹਾਇਸ਼ 'ਮਾਤੋਸ਼੍ਰੀ' 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਮਾਨ ਅਜਨਾਲਾ ਹਿੰਸਾ 'ਤੇ ਸਵਾਲ ਨੂੰ ਟਾਲ ਰਹੇ ਸਨ। ਪੱਤਰਕਾਰਾਂ ਵੱਲੋਂ ਜ਼ੋਰ ਦੇਣ 'ਤੇ ਉਨ੍ਹਾਂ ਕਿਹਾ, 'ਤੁਹਾਡੇ ਕੋਲ ਗਲਤ ਜਾਣਕਾਰੀ ਹੈ। ਪੰਜਾਬ 'ਚ ਕਾਨੂੰਨ ਵਿਵਸਥਾ ਕੰਟਰੋਲ 'ਚ ਹੈ ਅਤੇ ਪੰਜਾਬ ਪੁਲੀਸ ਸਮਰੱਥ ਹੈ। ਸਾਡਾ ਸ਼ਾਂਤੀਪੂਰਨ ਰਾਜ ਹੈ। ਵੱਡੇ ਉਦਯੋਗਾਂ ਨੇ ਉੱਥੇ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ।' ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨਾਲ ਉਨ੍ਹਾਂ ਦੀ ਮੁੰਬਈ ਸਥਿਤ ਰਿਹਾਇਸ਼ 'ਤੇ ਮੁਲਾਕਾਤ ਕੀਤੀ।

## ਮੱਧ ਪ੍ਰਦੇਸ਼ 'ਚ ਸਾਬਕਾ ਵਿਦਿਆਰਥੀ ਵੱਲੋਂ ਕਾਲਜ 'ਚ ਪੈਟਰੋਲ ਪਾ ਕੇ ਸਾੜੀ ਪ੍ਰਿੰਸੀਪਲ ਦੀ ਹੋਈ ਮੌਤ

**ਇੰਦੌਰ,**
**-ਨਿਊਜ਼ਲਾਈਨ ਐਕਸਪ੍ਰੈਸ-**

ਇੰਦੌਰ ਦੇ ਪ੍ਰਾਈਵੇਟ ਫਾਰਮੇਸੀ ਕਾਲਜ ਦੇ ਅਹਾਤੇ ਵਿਚ ਸਾਬਕਾ ਵਿਦਿਆਰਥੀ ਵੱਲੋਂ ਪੰਜ ਦਿਨ ਪਹਿਲਾਂ ਅੱਗ ਲਾ ਕੇ ਸਾੜੀ 54 ਸਾਲਾ ਮਹਿਲਾ ਪ੍ਰਿੰਸੀਪਲ ਦੀ ਅੱਜ ਤੜਕੇ ਇਲਾਜ ਦੌਰਾਨ ਮੌਤ ਹੋ ਗਈ। ਸਿਮਰੋਲ ਥਾਣਾ ਖੇਤਰ 'ਚ ਸਥਿਤ ਬੀਐੱਮ ਕਾਲਜ ਆਫ ਫਾਰਮੇਸੀ ਦੇ ਸਾਬਕਾ ਵਿਦਿਆਰਥੀ ਆਸ਼ੂਤੋਸ਼ ਸ੍ਰੀਵਾਸਤਵ (24) ਨੇ 20 ਫਰਵਰੀ ਨੂੰ ਕਾਲਜ ਪ੍ਰਿੰਸੀਪਲ ਡਾ. ਵਿਮੁਕਤਾ ਸ਼ਰਮਾ (54) ਨੂੰ ਸੰਸਥਾ ਦੇ ਅਹਾਤੇ 'ਚ ਪੈਟਰੋਲ ਪਾ ਕੇ ਬੁਰੀ ਤਰ੍ਹਾਂ ਨਾਲ ਸਾੜ ਦਿੱਤਾ ਸੀ। ਉਹ 80 ਫੀਸਦੀ ਸੜ ਗਈ ਸੀ। ਸ੍ਰੀਵਾਸਤਵ ਨੂੰ ਘਟਨਾ ਵਾਲੇ ਦਿਨ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਫਿਲਹਾਲ ਉਹ ਪੁਲੀਸ ਹਿਰਾਸਤ 'ਚ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਕੌਮੀ ਸੁਰੱਖਿਆ ਐਕਟ (ਰਸੂਕਾ) ਤਹਿਤ ਮਾਮਲਾ ਦਰਜ ਕੀਤਾ ਹੈ। ਪ੍ਰਿੰਸੀਪਲ ਦੇ ਬਿਆਨ ਦੇ ਆਧਾਰ 'ਤੇ ਸ੍ਰੀਵਾਸਤਵ ਖ਼ਿਲਾਫ਼



ਆਈਪੀਸੀ ਦੀ ਧਾਰਾ 307 (ਕਤਲ ਦੀ ਕੋਸ਼ਿਸ਼) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਪ੍ਰਿੰਸੀਪਲ ਦੀ ਮੌਤ ਤੋਂ ਬਾਅਦ ਇਸ ਵਿੱਚ ਧਾਰਾ 302 (ਕਤਲ) ਨੂੰ ਜੋੜ ਦਿੱਤਾ ਗਿਆ ਹੈ। ਪੁਲੀਸ ਨੇ ਘਟਨਾ ਦੇ ਕਾਰਨਾਂ ਸਬੰਧੀ ਸ੍ਰੀਵਾਸਤਵ ਤੋਂ ਕੀਤੀ ਮੁਢਲੀ ਪੁੱਛ ਪੜਤਾਲ ਦਾ ਹਵਾਲਾ ਦਿੰਦੇ ਹੋਏ ਦੱਸਿਆ ਸੀ ਕਿ ਉਸ ਨੇ ਬੀ. ਫਾਰਮਾ. ਜੁਲਾਈ 2022 'ਚ ਪ੍ਰੀਖਿਆ ਪਾਸ ਕੀਤੀ ਸੀ ਪਰ ਕਈ ਵਾਰ ਕਹਿਣ ਦੇ ਬਾਵਜੂਦ ਕਾਲਜ ਮੈਨੇਜਮੈਂਟ ਉਸ ਨੂੰ ਮਾਰਕ ਲਿਸਟ ਨਹੀਂ ਦੇ ਰਿਹਾ ਸੀ। ਕਾਲਜ ਮੈਨੇਜਮੈਂਟ ਸ੍ਰੀਵਾਸਤਵ ਦੇ ਇਸ ਦਾਅਵੇ ਨੂੰ ਗਲਤ ਦੱਸ ਰਹੀ ਹੈ।

## ਅਮਿਤ ਸ਼ਾਹ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹੋਏ ਨਤਮਸਤਕ



**ਪਟਨਾ,**
**-ਨਿਊਜ਼ਲਾਈਨ ਐਕਸਪ੍ਰੈਸ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ ਤੇ ਦੇਸ਼ ਅਤੇ ਦੇਸ਼ ਵਾਸੀਆਂ ਦੀ ਤਰੱਕੀ ਲਈ ਪ੍ਰਾਰਥਨਾ ਕੀਤੀ।

ਇਸ ਮੌਕੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਮਗਰੋਂ ਉਹ ਗੈਸਟ ਹਾਊਸ ਪਹੁੰਚੇ ਜਿਥੇ ਉਨ੍ਹਾਂ ਨੇ ਸੀਨੀਅਰ ਭਾਜਪਾ ਵਰਕਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੇ ਵਾਲਮਿਕੀ ਨਗਰ ਲੋਕ ਸਭਾ ਹਲਕੇ ਵਿੱਚ ਰੈਲੀ ਵੀ ਕੀਤੀ।

## ਨੌਜਵਾਨ ਦੀਆਂ ਉਂਗਲਾਂ ਵੱਢਣ ਦਾ ਮਾਮਲਾ: ਮੁਕਾਬਲੇ ਮਗਰੋਂ ਦੋ ਮੁਲਜ਼ਮ ਕਾਬੂ

ਗੋਲੀ ਲੱਗਣ ਕਾਰਨ ਦੋਵੇਂ ਮੁਲਜ਼ਮ ਜ਼ਖ਼ਮੀ; ਐਸਐਸਪੀ ਡਾ. ਸੰਦੀਪ ਗਰਗ ਨੇ ਕੀਤੀ ਗ੍ਰਿਫ਼ਤਾਰੀ ਦੀ ਪੁਸ਼ਟੀ

**ਮੋਹਾਲੀ,**
**-ਰੋਜ਼ਾਨਾ ਸਵੇਰਾ-**

ਇੱਥੋਂ ਦੇ ਨੌਜਵਾਨ ਹਰਦੀਪ ਸਿੰਘ ਉਰਫ਼ ਰਾਜੂ ਨੂੰ ਘਰੋਂ ਅਗਵਾ ਕਰ ਕੇ ਉਸ ਦੇ ਹੱਥ ਦੀਆਂ ਉਂਗਲਾਂ ਵੱਢੇ ਜਾਣ ਦੇ ਮਾਮਲੇ ਵਿੱਚ ਮੁਹਾਲੀ ਪੁਲੀਸ ਨੇ ਦੋ ਮੁਲਜ਼ਮਾਂ ਗੌਰਵ ਸ਼ਰਮਾ ਉਰਫ਼ ਗੋਰੀ ਅਤੇ ਤਰੁਣ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅੱਜ ਦੇਰ ਸ਼ਾਮ ਇਸ ਗੱਲ ਦੀ ਪੁਸ਼ਟੀ ਮੁਹਾਲੀ ਦੇ ਐੱਸਐੱਸਪੀ ਡਾ. ਸੰਦੀਪ ਗਰਗ ਨੇ ਕੀਤੀ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੇ ਸਬੰਧ ਗੈਂਗਸਟਰ ਭੂਪੀ ਰਾਣਾ ਨਾਲ ਦੱਸੇ ਜਾ ਰਹੇ ਹਨ। ਮੁਲਜ਼ਮਾਂ ਖ਼ਿਲਾਫ਼ ਮੁਹਾਲੀ ਦੇ ਫੇਜ਼-1 ਥਾਣੇ ਵਿੱਚ ਵੱਖ-ਵੱਖ ਧਾਰਾਵਾਂ ਤਹਿਤ ਅਪਰਾਧਿਕ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਗੌਰਵ ਸ਼ਰਮਾ ਮਹੀਨਾ ਕੁ ਪਹਿਲਾਂ ਹੀ ਅੰਬਾਲਾ ਜੇਲ੍ਹ ਤੋਂ ਬਾਹਰ ਆਇਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਨੌਜਵਾਨ ਦੀਆਂ ਉਂਗਲਾਂ



ਵੱਢਣ ਦੀ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ। ਇਸ ਤੋਂ ਬਾਅਦ ਮੁਲਜ਼ਮਾਂ ਦੀ ਪੈੜ ਨੱਪਣ ਮੁਹਾਲੀ ਦੇ ਐਸਪੀ (ਡੀ) ਅਤੇ ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਦੇ ਇੰਚਾਰਜ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ।

ਅੱਜ ਜਿਵੇਂ ਹੀ ਪੁਲੀਸ ਨੂੰ ਮੁਲਜ਼ਮਾਂ ਬਾਰੇ ਭਿਣਕ ਪਈ ਕਿ ਉਹ ਸਵਿਫ਼ਟ ਕਾਰ ਵਿੱਚ ਸਵਾਰ ਹੋ ਕੇ ਕਿਧਰੇ ਜਾ ਰਹੇ ਹਨ ਤਾਂ ਉਕਤ ਟੀਮ ਨੇ ਮੁਲਜ਼ਮਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਸ਼ੰਭੂ ਬੈਰੀਅਰ ਨੇੜੇ ਮੁਲਜ਼ਮਾਂ ਨੇ ਪੁਲੀਸ ਨੂੰ ਦੇਖ ਕੇ ਉਨ੍ਹਾਂ 'ਤੇ ਫਾਇਰਿੰਗ ਕਰ ਦਿੱਤੀ। ਪੁਲੀਸ ਨੇ ਵੀ ਆਪਣੇ ਬਚਾਅ ਵਿੱਚ ਗੋਲੀ ਚਲਾਈ। ਪੁਲੀਸ ਮੁਕਾਬਲੇ ਤੋਂ ਬਾਅਦ ਗੌਰਵ ਸ਼ਰਮਾ ਅਤੇ ਤਰੁਣ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ। ਐੱਸਐੱਸਪੀ ਨੇ ਦੱਸਿਆ ਕਿ ਮੁਲਜ਼ਮ ਗੌਰਵ ਸ਼ਰਮਾ ਦੇ ਪੱਟ ਵਿੱਚ ਵੀ ਗੋਲੀ ਲੱਗੀ ਹੈ ਅਤੇ ਤਰੁਣ ਵੀ ਜ਼ਖ਼ਮੀ ਹੋਇਆ ਹੈ। ਦੋਵੇਂ ਮੁਲਜ਼ਮ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਪਿਸਤੌਲ ਅਤੇ ਸਵਿਫ਼ਟ ਕਾਰ ਵੀ ਬਰਾਮਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਗੋਰੀ ਦੇ ਭਰਾ ਦਾ ਕੁਝ ਸਮਾਂ ਕਤਲ ਹੋ ਗਿਆ ਸੀ ਤੇ ਉਸ ਨੂੰ ਪੀੜਤ ਹਰਦੀਪ ਦੇ ਭਰਾ 'ਤੇ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਸ਼ੱਕ ਸੀ ਜਿਸ ਕਾਰਨ ਮੁਲਜ਼ਮ ਨੇ ਪੀੜਤ ਨੌਜਵਾਨ ਦੇ ਇੱਕ ਹੱਥ ਦੀਆਂ ਚਾਰ ਉਂਗਲਾਂ ਵੱਢ ਦਿੱਤੀਆਂ ਸਨ।

## ਅਨੁਸੂਚਿਤ ਜਾਤੀ ਅਭਿਉਦੈ ਯੋਜਨਾ ਤਹਿਤ ਪ੍ਰਾਜੈਕਟਾਂ ਦੇ ਮੁਲਾਂਕਣ ਲਈ ਕਮੇਟੀ ਗਠਿਤ : ਡਾ. ਬਲਜੀਤ

**ਚੰਡੀਗੜ੍ਹ,**
**-ਨਿਊਜ਼ਲਾਈਨ ਐਕਸਪ੍ਰੈਸ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਸੂਬੇ ਦੇ ਗਰੀਬ ਵਰਗ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭਪਾਤਰੀਆਂ ਨੂੰ ਵੱਧ ਤੋਂ ਵੱਧ ਲਾਭ ਦੇਣ ਲਈ ਪੰਜਾਬ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਵਿੱਚ ਕੇਂਦਰੀ ਪ੍ਰਯੋਜਿਤ ਸਕੀਮ ਪ੍ਰਧਾਨ ਮੰਤਰੀ ਅਨੁਸੂਚਿਤ ਜਾਤੀ ਅਭਿਉਦੈ ਯੋਜਨਾ ਤਹਿਤ ਅਨੁਸੂਚਿਤ ਜਾਤੀਆਂ ਦੀ ਸਮਾਜਿਕ, ਆਰਥਿਕ ਬਿਹਤਰੀ ਲਈ ਜ਼ਿਲ੍ਹਿਆਂ ਅਤੇ ਰਾਜ ਪੱਧਰੀ ਪ੍ਰਾਜੈਕਟਾਂ ਦਾ ਮੁਲਾਂਕਣ ਅਤੇ ਤਰਜ਼ੀਹ ਦੇਣ ਲਈ ਰਾਜ ਪੱਧਰੀ ਪ੍ਰਾਜੈਕਟ ਮੁਲਾਂਕਣ-ਕਮ-ਕਨਵਰਜੈਂਸ ਕਮੇਟੀ ਦਾ ਗਠਨ ਕੀਤਾ



ਗਿਆ ਹੈ। ਉਨ੍ਹਾਂ ਦੱਸਿਆ ਕਿ ਅਨੁਸੂਚਿਤ ਜਾਤੀ ਅਭਿਉਦੈ ਯੋਜਨਾ ਤਹਿਤ ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ, ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਆਰਥਿਕ ਬਿਹਤਰੀ ਲਈ ਜ਼ਿਲ੍ਹਾ/ਰਾਜ-ਪੱਧਰੀ ਪ੍ਰਾਜੈਕਟਾਂ ਲਈ ਗ੍ਰਾਂਟ-ਇਨ-ਏਡ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ (ਮੁੰਡੇ ਅਤੇ ਕੁੜੀਆਂ) ਲਈ ਵਿੱਦਿਅਕ ਹੋਸਟਲ ਦੀ ਉਸਾਰੀ/ਮੁਰੰਮਤ ਦੇ ਕੰਮ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਪ੍ਰਿੰਸੀਪਲ ਸਕੱਤਰ ਅਤੇ ਸਕੱਤਰ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਇਸ ਕਮੇਟੀ ਦੇ ਚੇਅਰਪਰਸਨ ਹੋਣਗੇ। ਇਸ ਤੋਂ ਇਲਾਵਾ ਪ੍ਰਬੰਧਕੀ ਸਕੱਤਰ ਜਾਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਾਗਬਾਨੀ, ਭੂਮੀ ਅਤੇ ਜਲ ਸੰਭਾਲ, ਉਦਯੋਗ ਅਤੇ ਕਮਰਸ, ਸਹਿਕਾਰਤਾ, ਵਿੱਤ, ਯੋਜਨਾ, ਪੇਂਡੂ ਵਿਕਾਸ ਅਤੇ ਪੰਚਾਇਤ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ, ਸਿਹਤ ਤੇ ਪਰਿਵਾਰ ਭਲਾਈ, ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਪਬਲਿਕ ਵਰਕਸ, ਸਿੰਚਾਈ ਤੇ ਜਲ ਸਰੋਤ, ਨਵੀ ਅਤੇ ਨਵਿਆਉਣ ਯੋਗ ਊਰਜਾ ਸਰੋਤ, ਸੂਚਨਾ ਤਕਨਾਲੋਜੀ, ਰੁਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗਗ ਅਤੇ ਹੋਰ ਸਬੰਧਿਤ ਵਿਭਾਗਾਂ ਦੇ ਪ੍ਰਤੀਨਿਧੀ ਇਸ ਕਮੇਟੀ ਦੇ ਮੈਂਬਰ ਹੋਣਗੇ।

## ਸੋਨੀਆ ਗਾਂਧੀ ਦਾ ਐਲਾਨ; 'ਭਾਰਤ ਜੋੜੋ ਯਾਤਰਾ' ਨਾਲ ਖ਼ਤਮ ਹੋ ਸਕਦੀ ਹੈ ਮੇਰੀ ਸਿਆਸੀ ਪਾਰੀ

**ਨਵਾ ਰਾਏਪੁਰ,**
**-ਨਿਊਜ਼ਲਾਈਨ ਐਕਸਪ੍ਰੈਸ-**

ਛੱਤੀਸਗੜ੍ਹ ਦੇ ਰਾਏਪੁਰ 'ਚ ਕਾਂਗਰਸ ਦੇ 85ਵੇ ਸੰਮੇਲਨ 'ਚ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਸਿਆਸਤ ਤੋਂ ਸੰਨਿਆਸ ਲੈਣ ਵੱਲ ਇਸ਼ਾਰਾ ਕੀਤਾ ਹੈ। ਆਪਣੀ ਸਿਆਸੀ ਪਾਰੀ ਦੇ ਅੰਤ ਦਾ ਸੰਕੇਤ ਦਿੰਦੇ ਹੋਏ ਸੋਨੀਆ ਗਾਂਧੀ ਨੇ ਕਿਹਾ ਕਿ ਉਨ੍ਹਾਂ ਦੀ ਸਿਆਸੀ ਪਾਰੀ 'ਭਾਰਤ ਜੋੜੋ ਯਾਤਰਾ' ਨਾਲ ਖਤਮ ਹੋ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਅਸੀਂ ਪਿਛਲੇ 25 ਸਾਲਾਂ 'ਤੇ ਨਜ਼ਰ ਮਾਰੀਏ ਤਾਂ 2004 ਅਤੇ 2009 ਦੀਆਂ ਚੋਣਾਂ ਵਿਚ ਡਾ. ਮਨਮੋਹਨ ਸਿੰਘ ਜੀ ਦੀ ਯੋਗ ਅਗਵਾਈ ਨਾਲ ਸਾਡੀਆਂ ਜਿੱਤਾਂ ਨੇ ਮੈਨੂੰ ਨਿੱਜੀ ਤੌਰ 'ਤੇ ਸੰਤੁਸ਼ਟੀ ਦਿੱਤੀ।

**ਮੋਦੀ ਸਰਕਾਰ 'ਤੇ ਕੀਤਾ ਹਮਲਾ**

ਸੋਨੀਆ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੀ ਸਰਕਾਰ ਨੇ ਸਾਰੀਆਂ ਸੰਸਥਾਵਾਂ 'ਤੇ ਕਬਜ਼ਾ ਕਰ ਲਿਆ ਹੈ ਅਤੇ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ਨਫ਼ਰਤ ਦੀ ਅੱਗ ਭੜਕਾਈ ਜਾ ਰਹੀ ਹੈ। ਇਹ ਦੇਸ਼ ਲਈ ਖਾਸ ਤੌਰ 'ਤੇ ਚੁਣੌਤੀਪੂਰਨ ਸਮਾਂ ਹੈ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਨੇ ਲਗਾਤਾਰ ਹਰ ਇਕ ਸੰਸਥਾ 'ਤੇ ਕਬਜ਼ਾ ਕੀਤਾ ਹੈ। ਅਨੁਸੂਚਿਤ ਜਾਤੀਆਂ, ਘੱਟ ਗਿਣਤੀਆਂ, ਔਰਤਾਂ 'ਤੇ ਅੱਤਿਆਚਾਰ ਹੋ ਰਹੇ ਹਨ ਅਤੇ ਸਰਕਾਰ ਕੁਝ ਉਦਯੋਗਪਤੀਆਂ ਦਾ ਸਾਥ ਦੇ ਰਹੀ ਹੈ।

**ਦੇਸ਼ ਦੇ ਹਿੱਤਾਂ ਦੀ ਲੜਾਈ ਲੜੇਗੀ ਕਾਂਗਰਸ**



ਸੋਨੀਆ ਨੇ ਕਿਹਾ ਕਿ ਸਾਨੂੰ ਅਨੁਸ਼ਾਸਨ ਨਾਲ ਕੰਮ ਕਰਨ ਦੀ ਲੋੜ ਹੈ। ਜਨਤਾ ਤੱਕ ਸਾਨੂੰ ਆਪਣੇ ਸੰਦੇਸ਼ ਪਹੁੰਚਾਉਣਾ ਹੋਵੇਗਾ। ਅਸੀਂ ਦੇਸ਼ ਵਾਸੀਆਂ ਲਈ ਲੜਨ ਲਈ ਤਿਆਰ ਹਾਂ। ਪਾਰਟੀ ਦੀ ਜਿੱਤ ਹੀ ਦੇਸ਼ ਦੀ ਜਿੱਤ ਹੋਵੇਗੀ। ਕਾਂਗਰਸ ਸਿਰਫ਼ ਇਕ ਸਿਆਸੀ ਪਾਰਟੀ ਨਹੀਂ ਹੈ।

ਅਸੀਂ ਉਹ ਵਾਹਨ ਹਾਂ ਜਿਸ ਰਾਹੀਂ ਭਾਰਤ ਦੇ ਲੋਕ ਆਜ਼ਾਦੀ, ਸਮਾਨਤਾ, ਭਾਈਚਾਰੇ ਅਤੇ ਸਾਰਿਆਂ ਲਈ ਨਿਆਂ ਲਈ ਲੜਦੇ ਹਨ। ਅਸੀਂ ਲੋਕਾਂ ਦੀ ਆਵਾਜ਼ ਨੂੰ ਦਰਸਾਉਂਦੇ ਹਾਂ। ਅੱਗੇ ਦਾ ਰਸਤਾ ਆਸਾਨ ਨਹੀਂ ਹੈ ਪਰ ਜਿੱਤ ਸਾਡੀ ਹੀ ਹੋਵੇਗੀ। ਸਾਡੇ ਵਿਚੋਂ ਹਰ ਇਕ ਦੀ ਪਾਰਟੀ ਅਤੇ ਦੇਸ਼ ਪ੍ਰਤੀ ਵਿਸ਼ੇਸ਼ ਜ਼ਿੰਮੇਵਾਰੀ ਹੈ।

**'ਭਾਰਤ ਜੋੜੋ ਯਾਤਰਾ' ਨੇ ਲੋਕਾਂ ਨੂੰ ਜੋੜਨ ਦਾ ਕੰਮ ਕੀਤਾ, ਰਾਹੁਲ ਦਾ ਧੰਨਵਾਦ**

ਸੋਨੀਆ ਨੇ ਪ੍ਰਧਾਨ ਦੇ ਤੌਰ 'ਤੇ ਆਪਣੀ ਪਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਸਨਮਾਨ ਦੀ ਗੱਲ ਸੀ ਕਿ ਮੈਂ ਸਾਲ 1998 'ਚ ਕਾਂਗਰਸ ਪ੍ਰਧਾਨ ਅਹੁਦਾ ਸੰਭਾਲਿਆ। 25 ਸਾਲਾਂ ਵਿਚ ਪਾਰਟੀ ਨੇ ਕਈ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਅਤੇ ਨਿਰਾਸ਼ਾ ਵੀ ਹੱਥ ਲੱਗੀ। ਸੋਨੀਆ ਨੇ ਅੱਗੇ ਕਿਹਾ ਕਿ ਇਹ ਬਹੁਤ ਸੁਖ਼ਦ ਸਥਿਤੀ ਹੈ ਕਿ ਪ੍ਰਧਾਨ ਦੇ ਤੌਰ 'ਤੇ ਉਨ੍ਹਾਂ ਦੀ ਪਾਰੀ 'ਭਾਰਤ ਜੋੜੋ ਯਾਤਰਾ' ਨਾਲ ਪੂਰੀ ਹੋਈ। ਸੋਨੀਆ ਮੁਤਾਬਕ ਇਸ ਯਾਤਰਾ ਨੇ ਕਾਂਗਰਸ ਅਤੇ ਲੋਕਾਂ ਵਿਚਾਲੇ ਸੰਵਾਦ ਦੀ ਵਿਰਾਸਤ ਨੂੰ ਖ਼ੁਸ਼ਹਾਲ ਕੀਤਾ ਹੈ। ਇਸ ਯਾਤਰਾ ਨੇ ਲੋਕਾਂ ਨੂੰ ਜੋੜਨ ਦਾ ਕੰਮ ਕੀਤਾ। ਉਨ੍ਹਾਂ ਨੇ ਯਾਤਰਾ ਲਈ ਰਾਹੁਲ ਗਾਂਧੀ ਦਾ ਧੰਨਵਾਦ ਕੀਤਾ।


## ਸੰਪਾਦਕੀ

# ਨਵੇਂ ਸ਼ਹਿਰਾਂ ਦੀ ਯੋਜਨਾਬੰਦੀ

ਰੀਅਲ ਅਸਟੇਟ ਦੀ ਕੰਸਲਟੈਂਸੀ ਫਰਮ ਕੁਸ਼ਮੈਨ ਐਂਡ ਵੇਕਫੀਲਡ ਦਾ ਅਨੁਮਾਨ ਹੈ ਕਿ ਭਾਰਤ ਦੇ ਮੋਹਰੀ ਅੱਠ ਸ਼ਹਿਰਾਂ ਵਿਚਲੇ ਮਹਿੰਗੇ ਭਾਅ ਦੇ ਮਕਾਨਾਂ ਦੇ ਕਿਰਾਏ ਵਿਚ 50 ਫ਼ੀਸਦ ਇਜ਼ਾਫ਼ਾ ਹੋਇਆ ਹੈ ਜਦਕਿ ਮਾੱਲਾਂ ਦੇ ਕਿਰਾਏ ਵਿਚ ਆਮ ਤੌਰ ’ਤੇ 10 ਫ਼ੀਸਦ ਵਾਧਾ ਹੋਇਆ ਹੈ। ਦਫ਼ਤਰਾਂ ਦਾ ਕਿਰਾਇਆ ਜਿਉਂ ਦਾ ਤਿਉਂ ਹੈ ਕਿਉਂਕਿ ਦਫ਼ਤਰਾਂ ਦਾ ਬਹੁਤ ਸਾਰਾ ਕੰਮ ਹੌਲੀ ਹੌਲੀ ਘਰਾਂ ਤੋਂ (ਵਰਕ ਫਰੌਮ ਹੋਮ) ਕਰਾਉਣ ਦਾ ਰੁਝਾਨ ਤੇਜ਼ੀ ਫੜ ਗਿਆ ਸੀ। ਇਹ ਪੂਰੇ ਇਕ ਸਾਲ ਦੇ ਅੰਕੜੇ ਹਨ। ਅਖ਼ਬਾਰੀ ਰਿਪੋਰਟਾਂ ਮੁਤਾਬਕ ਬੰਗਲੂਰੂ ਵਿਚ ਘਰਾਂ ਦੇ ਕਿਰਾਏ ਵਿਚ 10-12 ਫ਼ੀਸਦ ਵਾਧਾ ਦਰਜ ਹੋਇਆ ਹੈ ਜਿੱਥੇ ਦਫ਼ਤਰਾਂ ਤੋਂ ਕੰਮ ਕਰਨ ਦੀ ਆਦਤ ਪਾਉਣ ਲਈ ਲੋਕ ਸ਼ਹਿਰ ਪਰਤ ਰਹੇ ਹਨ। ਇਸ ਤੋਂ ਸੰਕੇਤ ਮਿਲਦੇ ਹਨ ਕਿ ਦਫ਼ਤਰਾਂ ਦੀ ਸਪੇਸ ਦੀ ਮੰਗ ਵੀ ਵਧ ਸਕਦੀ ਹੈ ਅਤੇ ਦੇਰ ਸਵੇਰ ਦਫ਼ਤਰਾਂ ਦੇ ਕਿਰਾਏ ਵਿਚ ਵੀ ਵਾਧਾ ਦੇਖਣ ਨੂੰ ਮਿਲ ਸਕਦਾ ਹੈ। ਇਹ ਸਾਰੇ ਇਸ ਗੱਲ ਦੇ ਸੰਕੇਤ ਹਨ ਕਿ ਆਰਥਿਕ ਸਰਗਰਮੀ ਬਹਾਲ ਹੋ ਰਹੀ ਹੈ। ਇਸ ਦੇ ਨਾਲ ਹੀ ਇਹ ਚਿਤਾਵਨੀ ਵੀ ਹੈ ਜਿਸ ਵੱਲ ਜੇ ਧਿਆਨ ਨਾ ਦਿੱਤਾ ਗਿਆ ਤਾਂ ਭਾਰਤ ਵਿਚ ਕਾਰੋਬਾਰ ਕਰਨ ਦੀ ਲਾਗਤ ਡਾਵਾਂਡੋਲ ਵਾਲੇ ਮੁਕਾਮ ’ਤੇ ਪਹੁੰਚ ਜਾਵੇਗੀ ਅਤੇ ਭਾਰਤ ਦੀਆਂ ਸੇਵਾਵਾਂ ਦੀਆਂ ਬਰਾਮਦਾਂ ਮੁਕਾਬਲੇ ਤੋਂ ਬਾਹਰ ਹੋ ਜਾਣਗੀਆਂ। ਇਸ ਦਾ ਹੱਲ ਹੈ ਜਿ ?ਆਦਾ ਤੋਂ ਜਿ ?ਆਦਾ ਸੋਝੀ ਭਰਪੂਰ ਸ਼ਹਿਰੀਕਰਨ। ਭਾਰਤ ਨੂੰ ਨਵੇਂ ਸ਼ਹਿਰਾਂ ਦੀ ਲੋੜ ਹੈ ਅਤੇ ਇਨ੍ਹਾਂ ਦੀ ਵਿਉਂਤਬੰਦੀ ਅਤੇ ਨਿਰਮਾਣ ਬਿਹਤਰ ਹੋਣਾ ਚਾਹੀਦਾ ਹੈ ਤੇ ਇਹ ਦੂਜੇ ਸ਼ਹਿਰਾਂ ਨਾਲ ਜੁੜੇ ਹੋਣੇ ਚਾਹੀਦੇ ਹਨ। ਇਹ ਜਿ ?ਮੇਵਾਰੀ ਮੁੱਖ ਤੌਰ ’ਤੇ ਸੂਬਾਈ ਸਰਕਾਰਾਂ ਸਿਰ ਆਉਂਦੀ ਹੈ ਅਤੇ ਇਸ ਸੰਬੰਧ ਵਿਚ ਆਸ ਕੀਤੀ ਜਾਂਦੀ ਹੈ ਕਿ ਕੇਂਦਰ ਸਰਕਾਰ ਉਨ੍ਹਾਂ ਦੀ ਮਦਦ ਕਰੇ। ਆਬਾਦਕਾਰੀ ਦੇ ਰੁਝਾਨਾਂ ਤੋਂ ਇਹ ਜ਼ਰੂਰਤ ਮਹਿਸੂਸ ਹੁੰਦੀ ਹੈ ਕਿ ਨਵੇਂ ਸ਼ਹਿਰਾਂ ਦਾ ਨਿਰਮਾਣ ਬਹੁਤ ਸਪੱਸ਼ਟ ਹੋਣਾ ਚਾਹੀਦਾ ਹੈ। ਸਨਅਤ ਅਤੇ ਆਧੁਨਿਕ ਸੇਵਾਵਾਂ ਵਿਚ ਖੇਤੀਬਾੜੀ ਨਾਲੋਂ ਜਿ ?ਆਦਾ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਨਵੀਆਂ ਨੌਕਰੀਆਂ ਦਾ ਵੱਡਾ ਹਿੱਸਾ ਇਨ੍ਹਾਂ ਵਿਚ ਹੀ ਪੈਦਾ ਹੋ ਰਿਹਾ ਹੈ। ਇਨ੍ਹਾਂ ਨੌਕਰੀਆਂ ਦਾ ਚਿਹਰਾ ਮੁਹਰਾ ਸ਼ਹਿਰਾਂ ਵਿਚ ਹੀ ਬਣੇਗਾ। ਇਸੇ ਕਰ ਕੇ ਦੁਨੀਆ ਭਰ ਵਿਚ ਸ਼ਹਿਰੀਕਰਨ ਦਾ ਪਸਾਰ ਹੋ ਰਿਹਾ ਹੈ। ਇਸ ਵੇਲੇ ਭਾਰਤ ਦੀ ਕੁੱਲ 142 ਕਰੋੜ ਆਬਾਦੀ ਦਾ ਲਗਭਗ 35 ਫ਼ੀਸਦ ਹਿੱਸਾ ਭਾਵ ਕਰੀਬ 50 ਕਰੋੜ ਸ਼ਹਿਰਾਂ ਵਿਚ ਰਹਿ ਰਿਹਾ ਹੈ। ਕਰੋਨਾ ਮਹਾਮਾਰੀ ਕਰ ਕੇ ਸ਼ਹਿਰੀਕਰਨ ਦੀ ਰਫ਼ਤਾਰ ਨੂੰ ਠੱਲ੍ਹ ਪੈ ਗਈ ਹੈ। 2051 ਤੱਕ ਭਾਰਤ ਦੀ ਆਬਾਦੀ 167 ਕਰੋੜ ਹੋ ਜਾਣ ਦੀ ਆਸ ਹੈ। ਜੇ ਸ਼ਹਿਰੀ ਆਬਾਦੀ ਦਾ ਅਨੁਪਾਤ ਜੋ ਦੁਨੀਆ ਭਰ ਅਤੇ ਚੀਨ ਵਿਚ ਕਰੀਬ ਦੋ ਤਿਹਾਈ ਹੈ ਤਾਂ ਭਾਰਤ ਦੀ ਸ਼ਹਿਰੀ ਆਬਾਦੀ ਦੀ ਗਿਣਤੀ 83.5 ਕਰੋੜ ਹੋ ਜਾਵੇਗੀ; ਇਸ ਦਾ ਮਤਲਬ ਹੈ ਕਿ ਸ਼ਹਿਰਾਂ ਵਿਚ 33.5 ਕਰੋੜ ਹੋਰ ਲੋਕਾਂ ਲਈ ਰਹਿਣ ਲਾਇਕ ਥਾਂ ਬਣਾਉਣ ਦੀ ਲੋੜ ਪਵੇਗੀ। ਸਾਫ਼ ਜ਼ਾਹਿਰ ਹੈ ਕਿ ਇਸ ਵੇਲੇ ਸ਼ਹਿਰਾਂ ਦੀ ਜੋ ਹਾਲਤ ਹੈ, ਉਹ ਮੌਜੂਦਾ ਆਬਾਦੀ ਨੂੰ ਸਾਂਭ ਸਕਣ ਦੀ ਹਾਲਤ ਵਿਚ ਨਹੀਂ ਹਨ ਅਤੇ ਪੁਰਾਣੇ ਸ਼ਹਿਰਾਂ ਵਿਚ ਨਵੇਂ ਲੋਕਾਂ ਲਈ ਥਾਂ ਬਣਾਉਣੀ ਲਗਭਗ ਨਾਮੁਮਕਿਨ ਹੈ। ਇਸ ਲਈ ਨਵੇਂ ਸ਼ਹਿਰਾਂ ਦੀ ਲੋੜ ਹੈ। ਆਬਾਦੀ ਘਣਤਾ ਦੇ ਲਿਹਾਜ਼ ਨਾਲ ਵਾਧੂ ਸ਼ਹਿਰੀ ਖੇਤਰਾਂ ਦੇ ਵਿਕਾਸ ਲਈ ਕਰੀਬ 13400 ਵਰਗ ਕਿਲੋਮੀਟਰ (ਪ੍ਰਤੀ ਵਰਗ ਕਿਲੋਮੀਟਰ 25000 ਲੋਕਾਂ ਦੀ ਘਣਤਾ) ਤੋਂ ਲੈ ਕੇ 22300 ਵਰਗ ਕਿਲੋਮੀਟਰ (ਪ੍ਰਤੀ ਵਰਗ ਕਿਲੋਮੀਟਰ 15000 ਆਬਾਦੀ ਘਣਤਾ) ਰਕਬੇ ਦੀ ਲੋੜ ਪਵੇਗੀ। ਭਾਰਤ ਅੰਦਰ ਨਵੇਂ ਸ਼ਹਿਰਾਂ ਦੇ ਨਿਰਮਾਣ ਦੀ ਕੋਈ ਯੋਜਨਾ ਨਹੀਂ ਹੈ; ਸਿਰਫ਼ ਸ਼ਹਿਰੀ ਮੁੜ ਵਿਕਾਸ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਜਿਨ੍ਹਾਂ ਦੇ ਠੇਕਿਆਂ ਤੋਂ ਸਾਰੇ ਹੱਥ ਰੰਗ ਰਹੇ ਹਨ। ਮੁੜ ਵਿਕਾਸ ਨਾਲ ਸ਼ਹਿਰੀ ਆਬਾਦੀ ਦੇ ਬਹੁਤ ਥੋੜ੍ਹੇ ਜਿਹੇ ਹਿੱਸੇ ਨੂੰ ਹੀ ਸਮੋਇਆ ਜਾ ਸਕਦਾ ਹੈ। ਸਾਨੂੰ ਇਸ ਵੇਲੇ ਨਵੇਂ ਸ਼ਹਿਰਾਂ ਦੀ ਹੀ ਲੋੜ ਹੈ। ਨਵੇਂ ਸ਼ਹਿਰਾਂ ਦੇ ਕੁਝ ਇੱਛਤ ਪਹਿਲੂਆਂ ਦੀ ਨਿਸ਼ਾਨਦੇਹੀ ਕਰਨਾ ਬਹੁਤ ਸੌਖਾ ਹੈ। ਇਸ ਵਿਚ ਯੂਨੀਵਰਸਿਟੀ ਅਤੇ ਹਵਾਈ ਅੱਡਾ ਹੋਣਾ ਚਾਹੀਦਾ ਹੈ। ਨਵਾਂ ਸ਼ਹਿਰ ਕੌਮੀ ਮਾਰਗ ਤੋਂ ਬਹੁਤੀ ਦੂਰ ਨਾ ਬਣਾਇਆ ਜਾਵੇ। ਇਸ ਦੇ ਵੱਖ ਵੱਖ ਹਿੱਸਿਆਂ ਦਰਮਿਆਨ ਆਪਸੀ ਸੰਪਰਕਾਂ ਦੀ ਲੜੀ ਬਣਾਈ ਹੋਣੀ ਚਾਹੀਦੀ ਹੈ ਤੇ ਹਰ ਹਿੱਸੇ ਵਿਚ ਦਫ਼ਤਰਾਂ ਤੇ ਰਿਹਾਇਸ ਲਈ ਸਪੇਸ ਤੋਂ ਇਲਾਵਾ ਸਕੂਲ, ਹਸਪਤਾਲ, ਮਨੋਰੰਜਨ ਸਹੂਲਤਾਂ, ਸ਼ਾਪਿੰਗ ਮਾੱਲ, ਖੇਡ ਸਟੇਡੀਅਮ, ਧਾਰਮਿਕ ਅਸਥਾਨ ਅਤੇ ਜਨਤਕ ਰੈਲੀਆਂ ਤੇ ਵਪਾਰ ਮੇਲਿਆਂ ਜਿਹੇ ਸਮਾਜਿਕ ਬੁਨਿਆਦੀ ਢਾਂਚੇ ਲਈ ਥਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ। ਲੋਕਾਂ ਨੂੰ ਕੰਮ, ਦੁਕਾਨ ਜਾਂ ਸਕੂਲ ਲਈ ਪੈਦਲ ਚੱਲ ਕੇ ਜਾਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਵਾਹਨਾਂ ਦੀ ਘੱਟ ਤੋਂ ਘੱਟ ਲੋੜ ਪਵੇ। ਹਰਿਆਵਲ ਤੇ ਖੁੱਲ੍ਹੀਆਂ ਥਾਵਾਂ ਦਾ ਪ੍ਰਬੰਧ ਵੀ ਕੀਤਾ ਜਾਵੇ, ਸੀਵਰੇਜ, ਬਿਜਲੀ ਸਪਲਾਈ, ਆਪਟੀਕਲ ਫਾਈਬਰ ਕੇਬਲਾਂ, ਰੋਡ ਡ੍ਰੇਨੇਜ ਅਤੇ ਸੁਰੰਗਾਂ ਦੀ ਵਿਵਸਥਾ ਵੀ ਹੋਣੀ ਚਾਹੀਦੀ ਹੈ ਜਿਨ੍ਹਾਂ ਰਾਹੀਂ ਕਾਮੇ ਜ਼ਮੀਨਦੋਜ਼ ਸੇਵਾਵਾਂ ਦੀ ਆਰਾਮ ਨਾਲ ਮੁਰੰਮਤ ਤੇ ਮੇਨਟੀਨੈਂਸ ਕਰ ਸਕਣ। ਸ਼ਹਿਰੀ ਫੋਕਟ ਪਦਾਰਥਾਂ ਤੇ ਕੂੜੇ ਦੀ ਪ੍ਰਾਸੈਸਿੰਗ ਦਾ ਅਗਾਊਂ ਪ੍ਰਬੰਧ ਕੀਤਾ ਜਾਵੇ। ਊਰਜਾ ਕੁਸ਼ਲਤਾ ਅਤੇ ਇਲਾਕੇ ਅੰਦਰ ਭੂਚਾਲ ਦੇ ਜੋਖਿ ?ਮ ਬਾਬਤ ਬਿਲਡਿੰਗ ਕੋਡ ਤੈਅ ਕੀਤੇ ਜਾਣ ਅਤੇ ਹਰ ਇਮਾਰਤ ਵਿਚ ਇਨ੍ਹਾਂ ਦਾ ਪਾਲਣ ਕੀਤਾ ਜਾਵੇ। ਮੁੰਬਈ ਜਾਂ ਚੰਡੀਗੜ੍ਹ ਵਿਚ ਝੁੱਗੀਆਂ ਦੀ ਸਮੱਸਿਆ ਤੋਂ ਅਗਾਊਂ ਰੂਪ ਵਿਚ ਬਚਣ ਲਈ, ਭਾਰਤ ਦੇ ਨਵੇਂ ਸ਼ਹਿਰਾਂ ਵਿਚ ਸਸਤੇ ਕਿਰਾਏ ਵਾਲੇ ਮਕਾਨ ਵੀ ਬਣਾਏ ਜਾਣ। ਡੀਐੱਲਐੱਫ ਦੇ ਸੀਈਓ ਰਾਜੀਵ ਤਲਵਾਰ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਗਰੀਬਾਂ ਲਈ ਘਰ ਬਣਾ ਕੇ ਦੇਣ ਵਾਲੀ ਆਵਾਸ ਯੋਜਨਾ ਨੂੰ ਕਿਰਾਏ ’ਤੇ ਮਕਾਨ ਦੇਣ ਦੀ ਸਕੀਮ ਵਿਚ ਤਬਦੀਲ ਕਰਨ ਦੀ ਤੁਕ ਨਜ਼ਰ ਆਉਂਦੀ ਹੈ। ਗਰੀਬ ਤੇ ਨੌਜਵਾਨ ਭਾਵੇਂ ਉਹ ਵਿਦਿਆਰਥੀ ਹੋਣ ਜਾਂ ਕਾਮੇ, ਆਮ ਤੌਰ ’ਤੇ ਫਿਰਤੂ ਹੁੰਦੇ ਹਨ। ਉਨ੍ਹਾਂ ਨੂੰ ਸਸਤੇ ਕਿਰਾਏ ’ਤੇ ਰਿਹਾਇਸ਼ ਦੀ ਲੋੜ ਹੁੰਦੀ ਹੈ ਅਤੇ ਉਹ ਕਿਸੇ ਅਜਿਹੇ ਸ਼ਾਨਦਾਰ ਖੇਤਰ ਵਿਚ ਰਹਿਣ ਦੇ ਖ਼ੁਆਬ ਨਹੀਂ ਦੇਖਦੇ ਜਿਸ ਦਾ ਕਿਰਾਇਆ ਉਹ ਤਾਰ ਹੀ ਨਾ ਸਕਦੇ ਹੋਣ। ਸੁਚਾਰੂ ਰੂਪ ਵਿਚ ਕੰਮ ਕਰਨ ਵਾਲੀ ਕੋਈ ਯੂਨੀਵਰਸਿਟੀ ਨਵਾਂ ਗਿਆਨ, ਨਵੇਂ ਵਿਚਾਰ ਤੇ ਉਦਮ ਪੈਦਾ ਕਰਦੀ ਹੈ ਜਿਸ ਨਾਲ ਇਨ੍ਹਾਂ ਵਿਚਾਰਾਂ ਨੂੰ ਕਾਰੋਬਾਰਾਂ ਦਾ ਰੂਪ ਦਿੱਤਾ ਜਾ ਸਕਦਾ ਹੈ। ਇਹ ਕਾਰੋਬਾਰ ਯੂਨੀਵਰਸਿਟੀ ਦੇ ਆਸ ਪਾਸ ਸਥਾਪਤ ਕੀਤੇ ਜਾਣ ਜੋ ਕਿ ਨਵੇਂ ਹੁਨਰ ਤੇ ਪ੍ਰਤਿਭਾ ਦਾ ਲਾਹਾ ਉਠਾ ਸਕਣ। ਸਿਲੀਕਾੱਨ ਵੈਲੀ, ਬੋਸਟਨ ਅਤੇ ਆਕਸਫੋਰਡ, ਕੈਂਬਰਿਜ ਅਤੇ ਲੰਡਨ ਦੇ ਰੂਪ ਵਿਚ ਬਰਤਾਨੀਆ ਦਾ ਅਖੌਤੀ ਸੁਨਹਿਰੀ ਤਿਕੋਣ ਯੂਨੀਵਰਸਿਟੀ ਨਾਲ ਆਪਣੀ ਕੁਨੈਕਟੀਵਿਟੀ ਹੋਣ ਕਰ ਕੇ ਨਵੀਂ ਉਦਮਸ਼ੀਲਤਾ ਤੇ ਰੁਜ਼ਗਾਰ ਦੇ ਖਾਸ ਟਿਕਾਣੇ ਬਣੇ ਹੋਏ ਹਨ। ਨਵੇਂ ਸ਼ਹਿਰ ਅੰਦਰ ਹਵਾਈ ਅੱਡੇ ਦੇ ਨਿਰਮਾਣ ਨਾਲੋਂ ਰੇਲ ਪਟੜੀ ਵਿਛਾਉਣ ਦਾ ਕੰਮ ਜਿ ?ਆਦਾ ਔਖਾ ਹੈ। ਕਾਰੋਬਾਰੀ ਵਿਕਾਸ ਲਈ ਸਰਲ ਕੁਨੈਕਟੀਵਿਟੀ ਦੀ ਬਹੁਤ ਅਹਿਮੀਅਤ ਹੈ। ਸ਼ਹਿਰਾਂ ਦੇ ਪਸਾਰ ਨੂੰ ਅਗਾਊਂ ਤੌਰ ’ਤੇ ਧਿਆਨ ਵਿਚ ਰੱਖ ਕੇ ਜ਼ਮੀਨ ਐਕੁਆਇਰ ਕਰ ਲਈ ਜਾਣੀ ਚਾਹੀਦੀ ਹੈ, ਇਉਂ ਹਵਾਈ ਅੱਡੇ ਵਿਕਾਸ ਦਾ ਅਹਿਮ ਪਹਿਲੂ ਸਾਬਿਤ ਹੁੰਦੇ ਹਨ। ਕਿਸਾਨਾਂ ਨਾਲ ਲੈਂਡ ਪੂਲ ਯੋਜਨਾ ਦਾ ਅਮਰਾਵਤੀ ਮਾਡਲ ਅਜੇ ਵੀ ਪ੍ਰਸੰਗਕ ਬਣਿਆ ਹੋਇਆ ਹੈ ਹਾਲਾਂਕਿ ਇਹ ਪ੍ਰਾਜੈਕਟ ਸਿਆਸਤ ਦੀ ਘੁੰਮਣਘੇਰੀ ਵਿਚ ਫਸਿਆ ਹੋਇਆ ਹੈ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁੱਹਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਲੋਕਤੰਤਰ ਵਿਚ ਵਿਰੋਧੀ ਪੱਖ ਦਾ ਮਜਬੂਤ ਹੋਣਾ ਜ਼ਰੂਰੀ :ਖੱਟੜ



**ਚੰਡੀਗੜ੍ਹ,**
**-ਨਿਊਜ਼ਲਾਈਨ ਐਕਸਪ੍ਰੈਸ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬਾ ਸਰਕਾਰ ਪੰਡਿਤ ਦੀਨ ਦਿਆਲ ਉਪਾਧਿਆਏ ਦੇ ਅੰਤੋਂਦੇਯ ਦੇ ਵਿਜਨ ਨੂੰ ਸਹੀ ਮਾਇਨੇ ਵਿਚ ਸਾਕਾਰ ਕਰ ਰਹੀ ਹੈ ਅਤੇ ਗਰੀਬ ਤੋਂ ਗਰੀਬ ਵਿਅਕਤੀ, ਜਿਸ ਦੀ ਆਮਦਨ 1 ਲੱਖ ਤੋਂ ਘੱਟ ਹੈ, ਉਸ ਦੀ ਆਮਦਨ 1 ਲੱਖ 80 ਹਜਾਰ ਰੁਪਏ ਤਕ ਕਰਨ ਦੀ ਯੋਜਨਾ ਬਣਾ ਕੇ ਉਨ੍ਹਾਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਸਾਲ 2023-24 ਦੇ ਬਜਟ ਵਿਚ 2 ਹਜਾਰ ਕਰੋੜ ਰੁਪਏ ਦਾ ਵਿਸ਼ੇਸ਼ ਪ੍ਰਾਵਧਾਨ ਕੀਤਾ ਗਿਆ ਹੈ, ਜਿਸ ਦੇ ਰਾਹੀਂ ਅੰਤੋਂਦੇਯ ਮੇਲਿਆਂ ਵਿਚ ਸਵੈਰੁਜਗਾਰ ਲਈ ਬੈਂਕ ਕਰਜਾ ਉਪਲਬਧ ਕਰਵਾਉਣਗੇ। ਉਨ੍ਹਾਂ ਨੇ ਕਿਹਾ ਕਿ ਅਜਿਹੇ ਲੋਕ ਜੋ ਬੈਂਕਾਂ ਤੋਂ ਲਏ ਕਰਜੇ ਨੂੰ ਸਮੇਂ ’ਤੇ ਵਾਪਸ ਨਹੀਂ ਮੋੜ ਸਕੇ ਅਤੇ ਬੈਂਕਾਂ ਨੇ ਉਨ੍ਹਾਂ ਦਾ ਸਿਬਿਲ ਸਕੋਰ ਦੇ ਕੇ ਮੁੜ ਕਰਜਾ ਦੇਣਾ ਬੰਦ ਕਰ ਦਿੱਤਾ ਸੀ, ਉਨ੍ਹਾਂ ਦੀ ਸਰਕਾਰ ਵੱਲੋਂ ਮਦਦ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੀ ਪੌਣੇ 2 ਕਰੋੜ ਜਨਤਾ ਨੂੰ ਉਹ ਆਪਣਾ ਪਰਿਵਾਰ ਮੰਨਦੇ ਹਨ। ਮੁੱਖ ਮੰਤਰੀ ਅੱਜ ਪੰਚਕੂਲਾ ਵਿਚ ਪ੍ਰਬੰਧਿਤ ਇਕ ਪ੍ਰੋਗ੍ਰਾਮ ਵਿਚ ਮੌਜੂਦਾ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਗਰੀਬੀ ਹਟਾਓ ਦਾ ਨਾਰਾ ਦਿੱਤਾ ਪਰ ਗਰੀਬੀ ਹਟਾਈ ਨਹੀਂ। ਅਸੀਂ ਪਿਛਲੇ 8 ਸਾਲਾਂ ਵਿਚ ਸਮਾਜ ਦੇ ਆਖੀਰੀ ਲਾਇਨ ਵਿਚ ਖੜੇ ਵਿਅਕਤੀ ਨੂੰ ਕਿਵੇਂ ਅੱਗੇ ਲਿਆਇਆ ਜਾਵੇ, ਇਸ ਦੀ ਚਿੰਤਾ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਪਹਿਲਾਂ ਦੀ ਸਰਕਾਰ ਵਿਚ ਭੂਮੀ ਰਾਖਵਾਂ ਦੇ ਨਾਂਅ ’ਤੇ ਸਰਕਾਰ ਦੇ ਲੋਕ ਵਿਚੌਲੀਆਂ ਨੂੰ ਸਸਤੇ ਦਾਮਾਂ ਵਿਚ ਕਿਸਾਨਾਂ ਤੋਂ ਜਮੀਨ ਲੈਣ ਦੀ ਛੋਟ ਦਿੱਤੀ ਜਾਂਦੀ ਸੀ ਪਰ ਸਾਡੀ ਸਰਕਾਰ ਨੇ ਇਸ ਨੂੰ ਬੰਦ ਕੀਤਾ ਹੈ। ਹੁਣ ਕਿਸਾਨ ਆਪਣੀ ਮਰਜੀ ਨਾਲ ਕਲੈਕਟਰ ਰੇਟ ਜਾਂ ਬਾਜਾਰ ਭਾਅ ’ਤੇ ਆਪਣੀ ਜਮੀਨ ਸਰਕਾਰ ਨੂੰ ਵੇਚਨ ਦੀ ਪੇਸ਼ਕਸ਼ ਕਰ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਕਾਂਗਰਸ ਬੇਰੁਜਗਾਰੀ ਦੇ ਨਾਂਅ ’ਤੇ ਨੌਜੁਆਨਾਂ ਨੂੰ ਗੁਮਰਾਹ ਕਰ ਰਹੀ ਹੈ। ਸਾਲ 2017 ਵਿਚ ਸੀਐਮਆਈਈ ਏਜੰਸੀ ਨੇ ਹਰਿਆਣਾ ਦੀ ਬੇਰੁਜਗਾਰੀ ਦਰ 2 ਫੀਸਦੀ ਦਿਖਾਈ ਸੀ ਅਤੇ ਬਾਅਦ ਵਿਚ ਉਸੀ ਮਹੀਨੇ ਉਸ ਨੇ ਕਦੀ 12 ਫੀਸਦੀ, 24 ਫੀਸਦੀ ਅਤੇ 36 ਫੀਸਦੀ ਦਿਖਾਈ। ਉਨ੍ਹਾਂ ਨੇ ਕਿਹਾ ਕਿ ਪਰਿਵਾਰ ਪਹਿਚਾਣ ਪੱਤਰ ਇਕ ਅਨੋਖਾ ਦਸਤਾਵੇਜ ਹੈ ਜੋ ਕਿਸੇ ਵੀ ਦੇਸ਼ ਵਿਚ ਨਹੀਂ ਹੈ। ਕਈ ਸੂਬਿਆਂ ਨੇ ਹਰਿਆਣਾ ਦੀ ਪੀਪੀਪੀ ਯੋਜਨਾ ਦਾ ਅਧਿਐਨ ਕੀਤਾ ਹੈ।

**3600 ਬਜੁਰਗ ਵਿਅਕਤੀਆਂ ਅਜਿਹੇ, ਜੋ ਇਕੱਲੇ ਰਹਿੰਦੇ ਹਨ**

ਮੁੱਖ ਮੰਤਰੀ ਨੇ ਕਿਹਾ ਕਿ ਪਰਿਵਾਰ ਪਹਿਚਾਣ ਪੱਤਰ ਵਿਚ ਅਜਿਹੀ ਜਾਣਕਾਰੀ ਮਿਲੀ ਹੈ ਕਿ 80 ਸਾਲ ਤੋਂ ਵੱਧ ਉਮਰ ਦੇ ਬਜੁਰਗ ਅਜਿਹੇ ਹਨ ਜੋ ਇਕੱਲੇ ਰਹਿੰਦੇ ਹਨ ਅਤੇ ਸਰਕਾਰ ਨੇ ਫੈਸਲਾ ਕੀਤਾ ਹੈਕਿ ਬਜੁਰਗ ਆਸ਼ਰਮਾਂ ਵਿਚ ਇੰਨ੍ਹਾਂ ਵਿਅਕਤੀਆਂ ਦੀ ਦੇਖ-ਭਾਲ ਸਰਕਾਰ ਕਰੇਗੀ ਅਤੇ ਪੂਰਾ ਖਰਚਾ ਦਵੇਗੀ। ਇਸ ਦੇ ਲਈ 2023-24 ਦੇ ਬਜਟ ਵਿਚ ਵੀ ਪ੍ਰਹਿਰੀ ਯੋਜਨਾ ਦਾ ਐਲਾਨ ਕੀਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇਸ਼ ਦਾ ਅਜਿਹਾ ਪਹਿਲਾ ਸੂਬਾ ਹੈ ਜਿੱਥੇ ਬਜੁਜਗ ਵਿਵਸਥਾ ਸਨਮਾਨ ਭੱਤਾ 2750 ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ। ਇਸੀ ਤਰ੍ਹਾ ਹਰਿਆਣਾ ਦੀ ਪ੍ਰਤੀਵਿਅਕਤੀ ਜੀਐਸਟੀ ਸੰਗ੍ਰਹਿ ਵੀ ਦੇਸ਼ ਦੇ 19 ਵੱਡੇ ਸੂਬਿਆਂ ਵਿਚ ਪਹਿਲੇ ਸਥਾਨ ’ਤੇ ਹੈ। ਉਨ੍ਹਾਂ ਨੇ ਕਿਹਾ ਕਿ ਆਯੁਸ਼ਮਾਨ ਯੋਜਨਾ ਦਾ ਦਾਇਰਾ ਵੀ ਵਧਾਇਆ ਗਿਆ ਹੈ ਅਤੇ ਇਸ ਦੇ ਤਹਿਤ ਉਦੋਂ 29 ਲੱਖ ਤੋਂ ਵੱਧ ਪਰਿਵਾਰਾਂ ਨੂੰ ਇਸ ਯੋਜਨਾ ਵਿਚ ਸ਼ਾਮਿਲ ਕੀਤਾ ਗਿਆ ਹੈ ਅਤੇ 5 ਲੱਖ ਰੁਪਏ ਤਕ ਦਾ ਫਰੀ ਇਲਾਜ ਦੀ ਸਹੂਲਤ ਸਰਕਾਰੀ ਤੇ ਨਿਜੀ ਹਸਪਤਾਲਾਂ ਵਿਚ ਦਿੱਤੀ ਜਾਵੇਗੀ। ਸਰਕਾਰ ਨੇ ਹੁਣੀ ਹਾਲ ਹੀ ਵਿਚ ਫੈਸਲਾ ਕੀਤਾ ਹੈ ਕਿ 1.80 ਲੱਖ ਰੁਪਏ ਸਾਲਾਨਾ ਆਮਦਨ ਤੋਂ ਵੱਧ ਆਮਦਨ ਵਾਲੇ ਪਰਿਵਾਰ ਵੀ ਚਿਰਾਯੂ ਯੋਜਨਾ ਦਾ ਲਾਭ ਲੈ ਸਕਦੇ ਹਨ। ਇਸ ਦੇ ਲਈ ਉਨ੍ਹਾਂ ਨੇ 1500 ਰੁਪਏ ਪ੍ਰਤੀਮਹੀਨਾ ਜਮ੍ਹਾ ਕਰਵਾਉਣੇ ਹੋਣਗੇ।

ਉਨ੍ਹਾਂ ਨੇ ਕਿਹਾ ਕਿ ਅਸੀਂ ਸੱਭ ਇਕ ਪਰਿਵਾਰ ਹਨ। ਮਿਹਨਤ ਕਰ ਸਾਨੂੰ ਵੱਧਣਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਸੱਭਕਾ ਸਾਥ-ਸੱਭਕਾ ਵਿਕਾਸ-ਸੱਭਕਾ ਪ੍ਰਯਾਸ ਦਾ ਮਤਲਬ ਮਿਹਨਤ ਕਰ ਅੱਗੇ ਵੱਧਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗੰਨਾ ਉਤਪਾਦਕ ਕਿਸਾਨਾਂ ਨੂੰ ਵੀ ਸੂਖਮ ਸਿੰਚਾਈ ਦੇ ਵੱਲ ਆਉਣਾ ਚਾਹੀਦਾ ਹੈ। ਗੰਨੇ ਦੀ ਫਸਲ ਦੇ ਅਧੀਨ 2 ਲੱਖ ਏਕੜ ਖੇਤਰ ਨੂੰ ਲਿਆਉਣ ਦਾ ਟੀਚਾ ਰੱਖਿਆ ਗਿਆ ਹੈ।

ਇਸ ਮੌਕੇ ’ਤੇ ਸਕੂਲ ਸਿਖਿਆ ਮੰਤਰੀ ਕੰਵਰ ਪਾਲ, ਯਮੁਨਾਨਗਰ ਦੇ ਮੇਅਰ ਮਦਨ ਚੌਹਾਨ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸੰਸਕ੍ਰਿਤ ਵਿਭਾਗ ਦੇ ਪਬਲੀਸਿਟੀ ਸਲਾਹਕਾਰ ਤਰੁਣ ਭੰਡਾਰੀ ਅਤੇ ਸਾਬਕਾ ਵਿਧਾਇਕ ਡਾ. ਪਵਨ ਸੈਨੀ, ਸਾਬਕਾ ਵਿਧਾਇਕ ਲਤਿਕਾ ਸ਼ਰਮਾ ਤੋਂ ਇਲਾਵਾ ਹੋਰ ਮਾਣ ਯੋਗ ਵਿਅਕਤੀ ਵੀ ਮੌਜੂਦ ਸਨ।

# ਹਰਿਆਣਾ ਕਮੇਟੀ ਵਿਵਾਦ ਦੌਰਾਨ ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਇਜਲਾਸ ਸੱਦਿਆ



**ਚੰਡੀਗੜ੍ਹ,**
**-ਨਿਊਜ਼ਲਾਈਨ ਐਕਸਪ੍ਰੈਸ-**

ਹਰਿਆਣਾ ਐਡਹਾਕ ਗੁਰਦੁਆਰਾ ਕਮੇਟੀ ਵੱਲੋਂ ਬੀਤੇ ਦਿਨਾਂ ਦੌਰਾਨ ਗੁਰਦੁਆਰਿਆਂ ’ਤੇ ਕੀਤੇ ਗਏ ਕਬਜ਼ਿਆਂ ਦੇ ਮਾਮਲੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 3 ਮਾਰਚ ਨੂੰ ਅੰਮ੍ਰਿਤਸਰ ਵਿਚ ਵਿਸ਼ੇਸ਼ ਇਜਲਾਸ ਹੋਵੇਗਾ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕੱਤਰਤਾ ਇੱਥੋਂ ਦੇ ਕਲਗੀਧਰ ਨਿਵਾਸ ਵਿੱਚ ਹੋਈ। ਇਸ ਦੌਰਾਨ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਹਰਿਆਣਾ ਸਰਕਾਰ ਵੱਲੋਂ ਗਿਣੀ ਮਿਥੀ ਸਾਜ਼ਿਸ਼ ਤਹਿਤ ਆਪਣੇ ਅਧੀਨ ਚਲਾਉਣ ਦੀ ਨਿਖੇਧੀ ਕਰਦਿਆਂ ਇਸ ਨੂੰ ਭਾਜਪਾ ਦਾ ਸਿੱਖ ਕੌਮ ’ਤੇ ਵੱਡਾ ਹਮਲਾ ਕਰਾਰ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਆੜ ਹੇਠ ਹਰਿਆਣਾ ਦੀ ਸਰਕਾਰ ਨੇ ਸਿੱਖ ਗੁਰਧਾਮਾਂ ਨੂੰ ਆਪਣੇ ਕਬਜ਼ੇ ਹੇਠ ਲੈਣ ਦਾ ਯਤਨ ਕੀਤਾ ਹੈ। ਹਰਿਆਣਾ ਐਡਹਾਕ ਕਮੇਟੀ ਨੂੰ ਧੱਕੇ ਨਾਲ ਗੁਰੂਘਰਾਂ ਦਾ ਪ੍ਰਬੰਧ ਦਿਵਾਉਣ ਲਈ ਮਰਿਆਦਾ ਦੀ ਉਲੰਘਣਾ ਕੀਤੀ ਗਈ ਅਤੇ ਪੁਲੀਸ ਕਰਮੀ ਜੋੜੇ ਪਾ ਕੇ ਗੁਰਦੁਆਰੇ ਦੀ ਪਰਿਕਰਮਾ ਅੰਦਰ ਦਾਖ਼ਲ ਹੋਏ। ਸ੍ਰੀ ਧਾਮੀ ਨੇ ਕਿਹਾ ਕਿ ਹਰਿਆਣਾ ਸਰਕਾਰ ਸੁਪਰੀਮ ਕੋਰਟ ਦੇ ਹੁਕਮਾਂ ਵਿਰੁੱਧ ਭੁਗਤ ਰਹੀ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ’ਚ ਸਪਸ਼ਟ ਹੈ ਕਿ ਹਰਿਆਣਾ ਕਮੇਟੀ ਕਾਰਜਸ਼ੀਲ ਕਰਨ ਲਈ ਚੋਣ ਕੀਤੀ ਜਾਵੇ ਅਤੇ ਚੁਣੇ ਜਾਣ ਵਾਲੇ ਮੈਂਬਰ ਅੰਮ੍ਰਿਤਧਾਰੀ ਹੋਣ ਪਰ ਸਰਕਾਰ ਵੱਲੋਂ ਨਾਮਜ਼ਦ ਕਮੇਟੀ ਵਿਚ ਵੱਡੀ ਗਿਣਤੀ ਮੈਂਬਰ ਰਹਿਤ-ਮਰਿਆਦਾ ਤੋਂ ਸੱਖਣੇ ਹਨ। ਇਸ ਤੋਂ ਇਲਾਵਾ ਨੋਟੀਫ਼ਿਕੇਸ਼ਨ ਰਾਹੀਂ ਕਮੇਟੀ ਚੁਣਨ ਦੀ ਪ੍ਰਕਿਰਿਆ ਵੀ ਗੈਰ-ਸੰਵਿਧਾਨਕ ਹੈ ਕਿਉਂਕਿ 24 ਅਕਤੂਬਰ 2022 ਨੂੰ ਗਵਰਨਰ ਰਾਹੀਂ ਆਰਡੀਨੈਂਸ ਜਾਰੀ ਕਰਵਾ ਕੇ ਗੁਰੂ ਘਰ ਦੇ ਪ੍ਰਬੰਧ ’ਤੇ ਸਰਕਾਰੀ ਕਬਜ਼ੇ ਦਾ ਰਾਹ ਬਣਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਇਕ ਪੰਜ ਮੈਂਬਰੀ ਕਮੇਟੀ ਸਥਾਪਤ ਕੀਤੀ ਸੀ ਜਿਸ ਦੀ ਰਿਪੋਰਟ ਅੱਜ ਦੀ ਅੰਤ੍ਰਿੰਗ ਕਮੇਟੀ ਵਿਚ ਵਿਚਾਰੀ ਗਈ। ਜਾਂਚ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਹੋਇਆ ਹੈ ਕਿ ਹਰਿਆਣਾ ਐਡਹਾਕ ਕਮੇਟੀ ਨੇ ਸਰਕਾਰ ਦੀ ਸਰਪ੍ਰਸਤੀ ਹੇਠ ਗੁਰੂ ਘਰਾਂ ਵਿਚ ਧੱਕੇਸ਼ਾਹੀ ਕੀਤੀ ਹੈ। ਇਸ ਸਬੰਧ ਵਿੱਚ ਅਗਲੀ ਰੂਪ ਰੇਖਾ ਉਲੀਕਣ ਲਈ ਸਮੂਹ ਮੈਂਬਰਾਂ ਦੀ ਜਨਰਲ ਇਕੱਤਰਤਾ ਸੱਦਣ ਦਾ ਫ਼ੈਸਲਾ ਕੀਤਾ ਗਿਆ।

ਇਜਲਾਸ ਦੌਰਾਨ ਆਏ ਸੁਝਾਵਾਂ ਅਨੁਸਾਰ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਮੈਂਬਰ ਜਰਨੈਲ ਸਿੰਘ ਕਰਤਾਰਪੁਰ, ਬਾਵਾ ਸਿੰਘ ਗੁਮਾਨਪੁਰਾ, ਮੋਹਨ ਸਿੰਘ ਬੰਗੀ, ਗੁਰਨਾਮ ਸਿੰਘ ਜੱਸਲ ਆਦਿ ਮੌਜੂਦ ਸਨ।

# ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਦਰ ਵਧਾਉਣ ਲਈ ਜਾਗਰੂਕਤਾ ਵੈਨ ਨੂੰ ਕੀਤਾ ਗਿਆ ਰਵਾਨਾ



**ਘਰਾਚੋਂ,**
**-ਨਿਊਜ਼ਲਾਈਨ ਐਕਸਪ੍ਰੈਸ-**

ਬੀਤੇ ਦਿਨੀਂ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਵੱਲੋਂ ਸੰਗਰੂਰ ਤੋਂ ਰਵਾਨਾ ਕੀਤੀ ਜਾਗਰੂਕਤਾ ਵੈਨ ਅੱਜ ਦੂਜੇ ਦਿਨ ਘਰਾਚੋਂ ਅਤੇ ਨੇੜਲੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਪ੍ਰਚਾਰ ਵਿਚ ਸਰਗਰਮ ਰਹੀ।

ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਦਰ ਵਧਾਉਣ ਦੀ ਮੁਹਿੰਮ ਦੇ ਅੱਜ ਦੂਜੇ ਦਿਨ ਘਰਾਚੋਂ ਤੋਂ ਸੰਜੀਵ ਸ਼ਰਮਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਸੰਗਰੂਰ, ਸ਼ਿਵਰਾਜ ਕਪੂਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਸੰਗਰੂਰ ਦੀ ਦੇਖ ਰੇਖ ਵਿੱਚ ਦਾਖ਼ਲਾ ਮੋਬਾਇਲ ਵੈਨ ਨੂੰ ਸ੍ਰੀ ਗੁਰਮੇਲ ਸਿੰਘ ਘਰਾਚੋਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੰਗਰੂਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਜਿਸ ਤੋਂ ਬਾਅਦ ਵੈਨ ਰਾਹੀਂ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਦਾਖ਼ਲ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਸ੍ਰੀ ਗੁਰਮੇਲ ਸਿੰਘ ਘਰਾਚੋਂ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਕੂਲੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਿੱਚ ਅਤੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਇਸ ਮੌਕੇ ਹਰਤੇਜ ਸਿੰਘ ਬੀ.ਪੀ.ਈ.ਓ. ਸੁਨਾਮ-2 ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਵਿਸ਼ਵ ਪੱਧਰੀ ਸਹੂਲਤਾਂ ਜਿਵੇਂ ਲਿਸਨਿੰਗ ਲੈਬ, ਆਧੁਨਿਕ ਪ੍ਰੋਜੈਕਟਰ, ਸਮਾਰਟ ਐੱਲ.ਸੀ.ਡੀ ਰਾਹੀ ਬੱਚਿਆਂ ਨੂੰ ਪੜ੍ਹਾਈ ਕਰਵਾਈ ਜਾ ਰਹੀ ਹੈ ਜਿਸ ਨਾਲ ਸਰਕਾਰੀ ਸਕੂਲਾਂ ਦੇ ਬੱਚੇ ਪ੍ਰਾਇਵੇਟ ਸਕੂਲਾਂ ਤੋ ਮੋਹਰੀ ਨਿਕਲ ਰਹੇ ਹਨ।ਸ੍ਰੀ ਦੀਪਕ ਕਾਂਸਲ ਪ੍ਰਿੰਸੀਪਲ ਘਰਾਚੌਂ ਨੇ ਦੱਸਿਆ ਕਿ ਇਹ ਪ੍ਰਚਾਰ ਵੈਨ ਅਲਗ ਅਲਗ ਖੇਤਰਾਂ ਵਿੱਚ ਜਾ ਕੇ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਬਾਰੇ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ।

ਇਸ ਮੌਕੇ ਜਸਪ੍ਰੀਤ ਸਿੰਘ ਨਾਗਰਾ ਜ਼ਿਲ੍ਹਾ ਕੋਆਰਡੀਨੇਟਰ, ਰਵਿੰਦਰ ਕੌਰ (ਬੀ.ਐੱਨ.ਓ ਸੁਨਾਮ-2), ਸਤਨਾਮ ਸਿੰਘ ਬੀ.ਐੱਮ.ਟੀ.ਸੁਨਾਮ 2, ਵਿਵੇਕ ਕੌਸ਼ਲ ਬੀ.ਐੱਮ.ਟੀ., ਜਗਦੇਵ ਸਿੰਘ ਸੀ.ਐੱਚ.ਟੀ.ਘਰਾਚੋਂ ਵੀ ਹਾਜ਼ਰ ਸਨ।

# ਸਹਾਇਤਾ ਪ੍ਰਾਪਤ ਗੈਰ ਸਰਕਾਰੀ ਕਾਲਜਾਂ ਦੇ ਟੀਚਿੰਗ ਸਟਾਫ਼ ਨਾਲ ਬੇਇਨਸਾਫੀ ਨਾ ਕੀਤੀ ਜਾਵੇ: ਸਿਮਰਨਜੀਤ ਸਿੰਘ ਮਾਨ



**ਸੰਗਰੂਰ,**
**-ਨਿਊਜ਼ਲਾਈਨ ਐਕਸਪ੍ਰੈਸ-**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ ਨੇ ਸਹਾਇਤਾ ਪ੍ਰਾਪਤ ਗੈਰ ਸਰਕਾਰੀ ਕਾਲਜਾਂ ਵਿੱਚ ਕੰਮ ਕਰਦੇ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਦਿਵਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖਿਆ ਹੈ। ਇੱਥੇ ਵਰਨਣਯੋਗ ਹੈ ਕਿ ਕੁਝ ਦਿਨ ਪਹਿਲਾਂ ਸਹਾਇਤਾ ਪ੍ਰਾਪਤ ਗੈਰ ਸਰਕਾਰੀ ਕਾਲਜਾਂ ਦੇ ਅਧਿਆਪਕਾਂ ਵੱਲੋਂ ਐਮ.ਪੀ. ਸ. ਸਿਮਰਨਜੀਤ ਸਿੰਘ ਮਾਨ ਨੂੰ ਮਸਤੂਆਣਾ ਸਾਹਿਬ ਵਿਖੇ ਮੰਗ ਪੱਤਰ ਸੌਂਪ ਕੇ ਆਪਣੀਆਂ ਜਾਇਜ਼ ਮੰਗਾਂ ਦੇ ਨਿਪਟਾਰੇ ਲਈ ਬੇਨਤੀ ਕੀਤੀ ਗਈ ਸੀ, ਜਿਸ ਤੋਂ ਬਾਅਦ ਸਾਰੀਆਂ ਮੰਗਾਂ ਨੂੰ ਧਿਆਨ ਨਾਲ ਸਮਝਣ ਤੋਂ ਬਾਅਦ ਐਮ.ਪੀ. ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਇਨ੍ਹਾਂ ਅਧਿਆਪਕਾਂ ਦੀ ਮੰਗਾਂ ਦੀ ਪੂਰਤੀ ਲਈ ਮੁੱਖ ਮੰਤਰੀ ਪੰਜਾਬ ਨੂੰ ਚਿੱਠੀ ਲਿਖੀ ਗਈ ਹੈ।

ਮੁੱਖ ਮੰਤਰੀ ਪੰਜਾਬ ਨੂੰ ਲਿਖੀ ਚਿੱਠੀ ਵਿੱਚ ਐਮ.ਪੀ. ਸ. ਮਾਨ ਵੱਲੋਂ ਲਿਖਿਆ ਗਿਆ ਹੈ ਕਿ ਪੰਜਾਬ ਦੇ ਗ੍ਰਾਂਟ-ਇਨ-ਏਡ ਗੈਰ ਸਰਕਾਰੀ ਕਾਲਜਾਂ ਦੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਵੱਲੋਂ ਤੁਰੰਤ ਧਿਆਨ ਦਿੱਤਾ ਜਾਵੇ। ਪੱਤਰ ਵਿੱਚ ਲਿਖਿਆ ਗਿਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਯੂਜੀਸੀ ਦਾ ਸੱਤਵਾਂ ਪੇ ਕਮਿਸ਼ਨ ਲਾਗੂ ਕਰਨ ਸਮੇਂ ਜੋ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ, ਉਸ ਅਧੀਨ ਸੇਵਾ ਮੁਕਤੀ ਦੀ ਉਮਰ 60 ਸਾਲ ਤੋਂ ਘਟਾ ਕੇ 58 ਸਾਲ ਕਰ ਦਿੱਤੀ ਗਈ ਹੈ। ਜਿੱਥੇ ਇਹ ਪੰਜਾਬ ਗ੍ਰਾਂਟ-ਇਨ-ਏਡ ਐਕਟ, 1979 ਦੀ ਉਲੰਘਣਾ ਹੈ, ਉੱਥੇ ਹੀ ਇਨ੍ਹਾਂ ਕਾਲਜਾਂ ਦੇ ਟੀਚਿੰਗ ਸਟਾਫ ਨਾਲ ਵੀ ਬੇਇਨਸਾਫੀ ਹੈ। ਸ. ਮਾਨ ਨੇ ਕਿਹਾ ਹੈ ਕਿ ਪੰਜਾਬ ਦੇ ਗ੍ਰਾਂਟ-ਇਨ-ਏਡ ਕਾਲਜ ਪਿਛਲੇ 100 ਸਾਲ ਤੋਂ ਵੀ ਵੱਧ ਸਮੇਂ ਤੋਂ ਉੱਚ ਸਿੱਖਿਆ ਦੇ ਖੇਤਰ ਵਿੱਚ ਬਹੁਮੁੱਲਾ ਯੋਗਦਾਨ ਪਾ ਰਹੇ ਹਨ ਅਤੇ ਨੌਜਵਾਨ ਵਰਗ ਨੂੰ ਨਵੀਂ ਸੇਧ ਵੀ ਦੇ ਰਹੇ ਹਨ। ਇਹ ਸਾਰੇ ਹੀ ਕਾਲਜ ਆਪਣੇ ਸਮੇਂ ਦੀਆਂ ਮਹਾਨ ਹਸਤੀਆਂ ਦੁਆਰਾ ਆਰੰਭ ਕੀਤੇ ਗਏ ਸਨ। ਇਹ ਕਾਲਜ ਪੱਛੜੇ ਹੋਏ ਖੇਤਰਾਂ ਅਤੇ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਤ ਹੋ ਚੁੱਕੇ ਹਨ ਅਤੇ ਅੱਗੇ ਵੀ ਆਪਣਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਕਾਲਜਾਂ ਦਾ ਉਦੇਸ਼ ਕੋਈ ਵਿੱਤੀ ਲਾਭ ਕਮਾਉਣਾ ਨਹੀਂ, ਸਗੋਂ ਸਿੱਖਿਆ ਦੇ ਖੇਤਰ ਵਿੱਚ ਪਰਉਪਕਾਰੀ ਸੰਸਥਾਵਾਂ ਦੇ ਤੌਰ ’ਤੇ ਕਾਰਜ ਕਰ ਰਹੇ ਹਨ। ਇਨ੍ਹਾਂ ਸੰਸਥਾਵਾਂ ਨੂੰ ਲੋੜੀਂਦੀਆਂ ਸਹੂਲਤਾਂ ਦੇਣਾ ਸੂਬਾ ਸਰਕਾਰ ਦਾ ਫਰਜ ਹੈ।

ਉਮੀਦ ਹੈ ਕਿ ਸੂਬੇ ਦੇ ਲੋਕਾਂ ਦੇ ਵਿੱਦਿਅਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਸੀਂ ਇਸ ਫੈਸਲੇ ਨੂੰ ਵਾਪਸ ਲਵੋਗੇ ਅਤੇ ਇਨ੍ਹਾਂ ਕਾਲਜਾਂ ਵਿੱਚ ਰਿਟਾਇਰਮੈਂਟ ਦੀ 60 ਸਾਲ ਦੀ ਉਮਰ ਬਹਾਲ ਕਰੋਗੇ। ਉਨ੍ਹਾਂ ਮੰਗ ਕੀਤੀਆਂ ਕਿ ਇਨ੍ਹਾਂ ਕਾਲਜਾਂ ਦੇ ਟੀਚਿੰਗ ਸਟਾਫ ਨਾਲ ਬੇਇਨਸਾਫੀ ਨਾ ਕੀਤੀ ਜਾਵੇ।

# ਮੁੱਖ ਮੰਤਰੀ ਨੇ ਫਾਜ਼ਿਲਕਾ ਵਿਖੇ 578.28 ਕਰੋੜ ਦੀ ਲਾਗਤ ਵਾਲੇ ਨਹਿਰੀ ਪਾਣੀ ਅਧਾਰਤ ਪ੍ਰਜੈਕਟ ਦਾ ਨੀਂਹ ਪੱਥਰ ਰੱਖਿਆ

(ਸਫ਼ਾ 1 ਦੀ ਬਾਕੀ)

ਕਿਸਾਨ ਨੂੰ ਆਪਣੀ ਵਾਰੀ ਅਨੁਸਾਰ ਪਾਣੀ ਮਿਲ ਸਕੇ। ਭਗਵੰਤ ਮਾਨ ਨੇ ਕਿਹਾ ਕਿ ਉਹ ਪਹਿਲਾਂ ਹੀ ਅਧਿਕਾਰੀਆਂ ਨੂੰ ਦੋ ਮਹੀਨਿਆਂ ਅੰਦਰ ਸੂਬੇ ਦੀ ਸਮੁੱਚੇ ਨਹਿਰੀ ਪ੍ਰਣਾਲੀ ਦੀ ਸਫ਼ਾਈ ਕਰਨ ਦੇ ਨਿਰਦੇਸ਼ ਦੇ ਚੁੱਕੇ ਹਨ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇੱਕ ਹੋਰ ਮਹੱਤਵਪੂਰਨ ਪਹਿਲਕਦਮੀ ਕਰਦਿਆਂ ਬੁਢਾਪਾ ਪੈਨਸ਼ਨ, ਆਟਾ-ਦਾਲ ਅਤੇ ਹੋਰ 40 ਸੇਵਾਵਾਂ ਲੋਕਾਂ ਦੀਆਂ ਬਰੂਹਾਂ ‘ਤੇ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੁੱਢਲਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਇਨ੍ਹਾਂ ਸਕੀਮਾਂ ਦੇ ਲਾਭਪਾਤਰੀਆਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਖਾਸ ਕਰਕੇ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਕਪਤਾਨਾਂ ਨੂੰ ਵੱਧ ਤੋਂ ਵੱਧ ਖੇਤਰੀ ਖਾਸ ਕਰਕੇ ਪਿੰਡਾਂ ਵਿੱਚ ਦੌਰੇ ਕਰਕੇ ਲੋਕਾਂ ਨਾਲ ਗੱਲਬਾਤ ਕਰਨ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਮੁੱਖ ਲੋੜ ਹੈ ਕਿ ਲੋਕਾਂ ਨੂੰ ਉਨ੍ਹਾਂ ਦੇ ਰੋਜ਼ਾਨਾ ਦੇ ਕੰਮਾਂ ਨੂੰ ਮੁਸ਼ਕਲ ਰਹਿਤ ਕਰਨ ਦੇ ਨਾਲ-ਨਾਲ ਉਨ੍ਹਾਂ ਲਈ ਵਧੀਆ ਪ੍ਰਸ਼ਾਸਨ ਯਕੀਨੀ ਬਣਾਇਆ ਜਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਜ਼ਮੀਨੀ ਹਕੀਕਤਾਂ ਤੋਂ ਜਾਣੂ ਹੋਣ ਦੇ ਨਾਲ-ਨਾਲ ਦਫ਼ਤਰਾਂ ਦੇ ਕੰਮਕਾਜ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲੇਗੀ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਦੀ ਸਰਕਾਰ ਸੂਬੇ ਦੀ ਸ਼ਾਨ ਬਹਾਲ ਕਰਨ ਅਤੇ ਸਾਡੇ ਮਹਾਨ ਕੌਮੀ ਆਗੂਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਦਿਸ਼ਾ ਵੱਲ ਠੋਸ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਕਾਰਜਕਾਲ ਦੇ ਮਹਿਜ਼ 11 ਮਹੀਨਿਆਂ ਵਿੱਚ ਲੋਕਾਂ ਨਾਲ ਕੀਤੇ ਮੁੱਖ ਵਾਅਦੇ ਪੂਰੇ ਕਰ ਦਿੱਤੇ ਹਨ ਅਤੇ ਸਿਹਤ, ਸਿੱਖਿਆ ਤੇ ਰੋਜ਼ਗਾਰ ਦੇ ਖੇਤਰਾਂ ਨੂੰ ਪ੍ਰਮੁੱਖ ਤਰਜੀਹ ਦਿੱਤੀ ਜਾ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਹੁਣ ਤੱਕ 500 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਮੈਡੀਕਲ ਸਿੱਖਿਆ ਦੇ ਹੱਬ ਵਜੋਂ ਉਭਾਰਨ ਲਈ ਸੂਬੇ ਭਰ ਵਿੱਚ 16 ਨਵੇਂ ਮੈਡੀਕਲ ਕਾਲਜ ਸਥਾਪਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ 1 ਜੁਲਾਈ ਤੋਂ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦਾ ਵਾਅਦਾ ਵੀ ਪੂਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਨਵੰਬਰ-ਦਸੰਬਰ, 2022 ਦੇ ਮਹੀਨੇ ਦੌਰਾਨ ਸੂਬੇ ਦੇ 87 ਫ਼ੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ ਹਨ। ਉਨ੍ਹਾਂ ਦੀ ਸਰਕਾਰ ਨੇ ਵੱਖ-ਵੱਖ ਖੇਤਰਾਂ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ 117 ਸਕੂਲ ਆਫ਼ ਐਮੀਨੈਂਸ ਸਥਾਪਿਤ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਦੇ ਬਣਨ ਦੇ ਕੁਝ ਮਹੀਨਿਆਂ ਅੰਦਰ ਹੀ 26000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ ਅਤੇ ਸਾਰੀ ਭਰਤੀ ਨਿਰੋਲ ਮੈਰਿਟ ਅਤੇ ਪਾਰਦਰਸ਼ਤਾ ਦੇ ਆਧਾਰ @ਤੇ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੇ ਹਰ ਖੇਤਰ ਵਿੱਚ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੂਬਾ ਸਰਕਾਰ ਸੂਬੇ ਨੂੰ ਦੇਸ਼ ਦਾ ਉਦਯੋਗਿਕ ਧੁਰਾ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਸਮਾਪਤ ਹੋਏ ਨਿਵੇਸ਼ਕ ਸੰਮੇਲਨ ਦੇ ਪੰਜਵੇਂ ਐਡੀਸ਼ਨ ਦੌਰਾਨ ਉੱਘੇ ਉਦਯੋਗਪਤੀਆਂ ਨੇ ਪੰਜਾਬ ਵਿੱਚ ਨਿਵੇਸ਼ ਕਰਨ ਦਾ ਫੈਸਲਾ ਕੀਤਾ ਹੈ।

ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਜਿੱਥੇ ਇੱਕ ਪਾਸੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ, ਉਥੇ ਹੀ ਦੂਜੇ ਪਾਸੇ ਸੂਬੇ ਦੇ ਵੱਡੇ ਪੱਧਰ @ਤੇ ਆਰਥਿਕ ਵਿਕਾਸ ਦਾ ਰਾਹ ਪੱਧਰਾ ਹੋਵੇਗਾ।

ਕਾਂਗਰਸ ਅਤੇ ਅਕਾਲੀ ਲੀਡਰਸ਼ਿਪ @ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੇ ਆਪਣੇ ਨਿੱਜੀ ਸਵਾਰਥਾਂ ਖਾਤਰ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਮੋਹ ਵਿੱਚ ਅਕਾਲੀ ਦਲ ਦੀ ਬੇੜੀ ਡੋਬ ਦਿੱਤੀ। ਭਗਵੰਤ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਇਕ ਵਾਰ ਵੀ ਇਨ੍ਹਾਂ ਇਲਾਕਿਆਂ ਦਾ ਦੌਰਾ ਨਹੀਂ ਕੀਤਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰੀ ਖਜ਼ਾਨੇ ਨੂੰ ਲੁੱਟਣ ਵਾਲਿਆਂ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਲੁਟੇਰਿਆਂ ਨੂੰ ਕੀਤੇ ਗਏ ਹਰ ਗੁਨਾਹ ਲਈ ਜਵਾਬਦੇਹ ਬਣਾਇਆ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਭ੍ਰਿਸ਼ਟ ਆਗੂਆਂ ਜਾਂ ਅਫਸਰਾਂ ਵੱਲੋਂ ਲੁੱਟੇ ਗਏ ਇੱਕ-ਇੱਕ ਪੈਸੇ ਦੀ ਹਰ ਹੀਲੇ ਵਸੂਲੀ ਕੀਤੀ ਜਾਵੇਗੀ ਅਤੇ ਇਹ ਪੈਸਾ ਲੋਕਾਂ ਦੀ ਭਲਾਈ ਲਈ ਵਰਤਿਆ ਜਾਵੇਗਾ।

ਮੁੱਖ ਮੰਤਰੀ ਨੇ ਸੂਬੇ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਸਾਂ ਵਿੱਚ ਇਨਸਾਫ਼ ਹੁਣ ਦੂਰ ਨਹੀਂ ਕਿਉਂਕਿ ਦੋਸ਼ੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਅਦਾਲਤ ਵਿੱਚ ਚਲਾਨ ਪਹਿਲਾਂ ਹੀ ਪੇਸ਼ ਕੀਤਾ ਜਾ ਚੁੱਕਾ ਹੈ। ਭਗਵੰਤ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਇਸ ਘਿਨਾਉਣੇ ਅਪਰਾਧ ਦੇ ਦੋਸ਼ੀ ਸਲਾਖਾਂ ਪਿੱਛੇ ਹੋਣਗੇ।

## ਪਰਲ ਗਰੁੱਪ 'ਚ ਜੇਕਰ ਕੋਈ ਕਲੇਮ ਹੈ ਤਾਂ ਡੀ.ਆਰ.ਓ. ਦਫ਼ਤਰ ਨਾਲ ਕਰੋ ਸੰਪਰਕ

# ਪਰਲ ਗਰੁੱਪ ਦੀਆਂ ਹੋਰ ਜਾਇਦਾਦਾਂ ਦੀ ਪਛਾਣ ਲਈ ਸਪੈਸ਼ਲ ਟੀਮਾਂ ਦਾ ਗਠਨ : ਸਾਕਸ਼ੀ ਸਾਹਨੀ

**ਪਟਿਆਲਾ,**
**-ਰੋਜ਼ਾਨਾ ਸਵੇਰਾ-**



ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

ਮਾਣਯੋਗ ਸੁਪਰੀਮ ਕੋਰਟ ਆਫ਼ ਇੰਡੀਆ ਦੇ ਹੁਕਮਾਂ ਉਤੇ ਪਰਲ ਗਰੁੱਪ ਦੀਆਂ ਜਾਇਦਾਦਾਂ ਦੀ ਸ਼ਨਾਖਤ ਕਰਨ ਲਈ ਬਣੀ ਲੋਢਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਟਿਆਲਾ ਜ਼ਿਲ੍ਹੇ 'ਚ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਨੇ ਇਸ ਕੰਪਨੀ ਵਿੱਚ ਪੈਸਾ ਨਿਵੇਸ਼ ਕੀਤਾ ਹੈ, ਉਨ੍ਹਾਂ ਨੂੰ ਕਲੇਮ ਸਬੰਧੀ ਕੋਈ ਮੁਸ਼ਕਲ ਨਾ ਆਵੇ ਇਸ ਲਈ ਜ਼ਿਲ੍ਹਾ ਮਾਲ ਅਫ਼ਸਰ ਪਟਿਆਲਾ ਨੂੰ ਨੋਡਲ ਅਫ਼ਸਰ ਤਾਇਨਾਤ ਕੀਤਾ ਗਿਆ ਹੈ ਜਿਨ੍ਹਾਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਲਾਕ ਏ ਦੇ ਕਮਰਾਂ ਨੰਬਰ 331 'ਚ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਐਸ.ਪੀ. (ਹੈਡਕੁਆਟਰ) ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਵੀ ਪਰਲ ਗਰੁੱਪ ਦੀਆਂ ਜਾਇਦਾਦਾਂ ਦੀ ਪਛਾਣ ਕਰਨ ਲਈ ਡਿਪਟੀ ਕਮਿਸ਼ਨਰਾਂ ਨਾਲ ਆਨ ਲਾਈਨ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚ ਪਰਲ ਗਰੁੱਪ ਦੀ 309 ਏਕੜ ਜ਼ਮੀਨ ਦੀ ਸ਼ਨਾਖਤ ਕੀਤੀ ਜਾ ਚੁੱਕੀ ਹੈ ਅਤੇ ਹੋਰਨਾਂ ਜਾਇਦਾਦਾਂ ਦੀ ਪਛਾਣ ਲਈ ਐਸ.ਡੀ.ਐਮਜ਼, ਡੀ.ਐਸ.ਪੀਜ਼ ਅਤੇ ਤਹਿਸੀਲਦਾਰ ਦੀ ਅਗਵਾਈ 'ਚ ਸਪੈਸ਼ਲ ਟੀਮਾਂ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਰਲ ਗਰੁੱਪ ਦੀਆਂ ਜਾਇਦਾਦਾਂ ਦੀ ਪਛਾਣ ਕਰਨ ਤੋਂ ਬਾਅਦ ਉਸਦੀ ਨਿਸ਼ਾਨਦੇਹੀ ਕਰਵਾਕੇ, ਉਥੇ ਬੋਰਡ ਵੀ ਲਗਾਏ ਜਾਣਗੇ ਤਾਂ ਜੋ ਲੋਕ ਵਿਵਾਦਿਤ ਜਾਇਦਾਦਾਂ ਸਬੰਧੀ ਸੁਚੇਤ ਹੋ ਸਕਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਤੇ ਜਸਟਿਸ ਲੋਢਾ ਕਮੇਟੀ ਦੀਆਂ ਹਦਾਇਤਾਂ ਦੀ ਜ਼ਿਲ੍ਹੇ 'ਚ ਇੰਨ ਬਿੰਨ ਪਾਲਣਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਤੇ ਪੀ.ਏ.ਸੀ.ਐਲ. ਦੀਆਂ ਜਾਇਦਾਦਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ। ਐਸ.ਐਸ.ਪੀ. ਵਰੁਣ ਸ਼ਰਮਾ ਨੇ ਕਿਹਾ ਕਿ ਪਰਲ ਗਰੁੱਪ ਦੀਆਂ ਜਿਹੜੀਆਂ ਜਾਇਦਾਦਾਂ 'ਤੇ ਕੋਈ ਨਜਾਇਜ਼ ਕਬਜ਼ਾ ਹੋਵੇਗਾ, ਉਸ ਸਬੰਧੀ ਪੁਲਿਸ ਵਿਭਾਗ ਵੱਲੋਂ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਪੁਲਿਸ ਡੀ.ਏ.ਵੀ. ਪਬਲਿਕ ਸਕੂਲ ਪਟਿਆਲਾ ਵਿੱਚ ਜੰਗਲ ਦਿਵਸ ਮਨਾਇਆ ਗਿਆ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੁਲਿਸ ਡੀ.ਏ.ਵੀ ਪਬਲਿਕ ਸਕੂਲ ਪਟਿਆਲਾ ਵਿੱਚ ਜੰਗਲਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਇਹ ਦਿਵਸ ਮਨਾਇਆ ਗਿਆ, ਜਿਸ ਵਿੱਚ ਨਰਸਰੀ ਤੋਂ ਦੂਜੀ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਨਰਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵਾਈਲਡ ਲਾਈਫ ਦੀ ਥੀਮ 'ਤੇ ਮਾਸਕ ਬਣਾਉਣ ਦੀ ਗਤੀਵਿਧੀ ਵਿੱਚ ਹਿੱਸਾ ਲਿਆ। ਉਹਨਾਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਆਪਣੇ ਅਧਿਆਪਕਾਂ ਅਤੇ ਮਾਪਿਆਂ ਦੀ ਅਗਵਾਈ ਵਿੱਚ ਜਾਨਵਰਾਂ ਦੇ ਸੁੰਦਰ ਮਾਸਕ ਬਣਾਏ। ਉਨ੍ਹਾਂ ਨੇ ਕੁਦਰਤ ਪ੍ਰਤੀ ਉਨ੍ਹਾਂ ਦੇ ਯੋਗਦਾਨ ਨੂੰ ਦਰਸਾਉਂਦੀਆਂ ਅਤੇ ਜੀਵਿਤ ਜੀਵਾਂ ਦੇ ਵਿਸ਼ੇ 'ਤੇ ਕੁਝ ਲਾਈਨਾਂ ਬੋਲੀਆਂ। ਨਰਸਰੀ ਤੋਂ ਲੈ ਕੇ ਪਹਿਲੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਗੀਤ ਪੇਸ਼ ਕਰਕੇ ਅਤੇ ਧੁਨਾਂ 'ਤੇ ਡਾਂਸ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਜਮਾਤ ਦੂਸਰੀ ਦੇ ਵਿਦਿਆਰਥੀਆਂ ਨੇ ਗੀਤ ਪੇਸ਼ ਕੀਤੇ ਅਤੇ ਅਦਾਕਾਰੀ ਕੀਤੀ। ਉਨ੍ਹਾਂ ਰੁੱਖਾਂ ਦੀ ਮਹੱਤਤਾ ਨੂੰ ਉਜਾਗਰ ਕਰਦਾ ਇੱਕ ਛੋਟਾ ਸਕਿੱਟ ਵੀ ਪੇਸ਼ ਕੀਤਾ ਅਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਜੰਗਲੀ ਜੀਵਾਂ ਨੂੰ ਬਚਾਉਣ ਦਾ ਸੁਨੇਹਾ ਦਿੱਤਾ। ਵਿਦਿਆਰਥੀਆਂ ਨੇ ਜੰਗਲੀ ਜੀਵਾਂ ਦੀ ਸੁਰੱਖਿਆ ਅਤੇ ਜੰਗਲਾਤ ਨੂੰ ਉਤਸ਼ਾਹਿਤ ਕਰਨ ਲਈ ਜਾਗਰੂਕਤਾ ਪੈਦਾ ਕਰਨ ਲਈ ਸਖ਼ਤ ਮਿਹਨਤ ਕਰਨ ਦਾ ਪ੍ਰਣ ਵੀ ਲਿਆ। ਇਸ ਮੌਕੇ ਬੋਲਦਿਆਂ ਸਕੂਲ ਦੇ ਪ੍ਰਿੰਸੀਪਲ ਸ੍ਰੀ ਮੋਹਿਤ ਚੁੱਗ ਨੇ ਇਸ ਦਿਵਸ ਨੂੰ ਮਨਾਉਣ ਲਈ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਅਜਿਹੇ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਜੰਗਲੀ ਜੀਵਾਂ ਨੂੰ ਸੁਰੱਖਿਅਤ ਰੱਖਣ ਲਈ ਮਨੁੱਖੀ ਗਤੀਵਿਧੀਆਂ ਨੂੰ ਰੋਕਿਆ ਜਾਣਾ ਚਾਹੀਦਾ ਹੈ।

## ਬਰੇਲੀ ਤੋਂ ਤਸਕਰੀ ਕੀਤੇ ਜਾ ਰਹੇ 22 ਕਿਲੋ ਗਾਂਜੇ ਸਮੇਤ 4 ਮੁਲਜ਼ਮ ਗ੍ਰਿਫ਼ਤਾਰ



**ਲੁਧਿਆਣਾ,**
**-ਰੋਜ਼ਾਨਾ ਸਵੇਰਾ-**

ਨਸ਼ਾ ਤਸਕਰਾਂ ਖ਼ਿਲਾਫ਼ ਵੱਡੀ ਸਫ਼ਲਤਾ ਹਾਸਲ ਕਰਦੇ ਹੋਏ ਲੁਧਿਆਣਾ ਪੁਲਸ ਨੇ 22 ਕਿਲੋ ਗਾਂਜੇ ਸਮੇਤ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਇਹ ਖੇਪ ਯੂ.ਪੀ. ਦੇ ਬਰੇਲੀ ਜ਼ਿਲ੍ਹੇ ਤੋਂ ਲਿਆ ਰਹੇ ਸਨ। ਪੁਲਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਵਿੱਚੋਂ ਦੋ ਯੂਪੀ, ਇਕ ਹਰਿਆਣਾ ਅਤੇ ਇਕ ਬਿਹਾਰ ਦਾ ਰਹਿਣ ਵਾਲਾ ਹੈ।

ਇਹ ਸਾਰੇ ਕਾਰ ਵਿੱਚ ਸਵਾਰ ਹੋ ਕੇ ਆ ਰਹੇ ਸਨ। ਮੁਲਜ਼ਮਾਂ ਵੱਲੋਂ ਨਸ਼ੇ ਦੀ ਖੇਪ ਇਥੇ ਕੰਮ ਕਰਦੇ ਪ੍ਰਵਾਸੀਆਂ ਨੂੰ ਪਹੁੰਚਾਈ ਜਾਣੀ ਸੀ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

# +2 ਦੇ ਅੰਗਰੇਜ਼ੀ ਵਿਸ਼ੇ ਦਾ ਪੇਪਰ ਲੀਕ 'ਤੇ ਬੋਰਡ ਨੇ ਪ੍ਰੀਖਿਆ ਕੀਤੀ ਮੁਲਤਵੀ

**ਮੁਹਾਲੀ,**
**-ਰੋਜ਼ਾਨਾ ਸਵੇਰਾ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਜ ਕਰਵਾਈ ਜਾਣ ਵਾਲੀ ਬਾਰ੍ਹਵੀਂ ਸ਼੍ਰੇਣੀ ਦੇ ਅੰਗਰੇਜ਼ੀ ਲਾਜ਼ਮੀ ਵਿਸ਼ੇ ਪ੍ਰੀਖਿਆ ਐਨ ਮੌਕੇ ਮੁਲਤਵੀ ਕਰ ਦਿੱਤੀ ਗਈ ਹੈ। ਸਿੱਖਿਆ ਬੋਰਡ ਦੇ ਕੰਟਰੋਲਰ (ਪ੍ਰੀਖਿਆਵਾਂ) ਜੇਆਰ ਮਹਿਰੋਕ ਨੇ ਮੀਡੀਆ ਨਾਲ ਸਾਂਝੀ ਕੀਤੀ। ਸੂਤਰਾਂ ਅਨੁਸਾਰ ਅੱਜ ਹੋਣ ਵਾਲਾ ਬਾਰ੍ਹਵੀਂ ਦਾ ਅੰਗਰੇਜ਼ੀ ਵਿਸ਼ੇ ਦਾ ਪੇਪਰ ਲੀਕ ਹੋਣ ਕਾਰਨ ਬੋਰਡ ਮੈਨੇਜਮੈਂਟ ਨੇ ਪ੍ਰੀਖਿਆ ਮੁਲਤਵੀ ਕਰਨ ਦਾ ਫੈਸਲਾ ਕੀਤਾ। ਬੋਰਡ ਨੇ ਕਿਹਾ ਕਿ ਅੱਜ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 5:15 ਵਜੇ ਤੱਕ ਕਰਵਾਈ ਜਾਣ ਵਾਲੀ ਬਾਰ੍ਹਵੀਂ ਸ਼੍ਰੇਣੀ ਦੇ ਅੰਗਰੇਜ਼ੀ ਲਾਜ਼ਮੀ ਵਿਸ਼ੇ ਦੀ ਪ੍ਰੀਖਿਆ ਕੁੱਝ ਪ੍ਰਸ਼ਾਸਨਿਕ ਕਾਰਨਾਂ ਕਰਕੇ ਹਾਲ ਦੀ ਘੜੀ ਮੁਲਤਵੀ ਕਰ ਦਿੱਤੀ ਗਈ ਹੈ। ਇਸ ਵਿਸ਼ੇ ਦੀ ਪ੍ਰੀਖਿਆ ਦੀ ਅਗਲੀ ਤਰੀਕ ਬਾਰੇ ਸਬੰਧਤ ਪ੍ਰੀਖਿਆਰਥੀਆਂ ਅਤੇ ਪ੍ਰੀਖਿਆ ਅਮਲੇ ਨੂੰ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

# ਬਠਿੰਡਾ ਵਿਖੇ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ 'ਚ ਭਿਆਨਕ ਅੱਗ ਲੱਗੀ

**ਰਾਮਾ ਮੰਡੀ,**
**-ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**



ਇਥੋਂ ਨੇੜਲੇ ਪਿੰਡ ਫੁੱਲੋ ਖਾਰੀ ਵਿੱਚ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ ਦੇ ਅੰਦਰ ਨਵੇਂ ਬਣੇ ਪਲਾਂਟ ਵਿੱਚ ਅੱਜ ਸਵੇਰੇ 6 ਵਜੇ ਤੇਲ ਦਾ ਪੰਪ ਲੀਕ ਹੋਣ ਕਾਰਨ ਅੱਗ ਲੱਗ ਗਈ। ਕਾਰਖਾਨੇ ਦੇ ਮੀਡੀਆ ਇੰਚਾਰਜ ਪੰਕਜ ਵਿਨਾਇਕ ਨੇ ਦੱਸਿਆ ਕਿ ਇਸ ਅੱਗ 'ਤੇ ਜਲਦੀ ਕਾਬੂ ਪਾ ਲਿਆ ਪਰ ਹਾਲੇ ਕਾਰਖਾਨੇ ਅੰਦਰ ਧੂੰਏਂ ਦੇ ਗੁਬਾਰ ਵਿਖਾਈ ਦੇ ਰਹੇ ਹਨ। ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੈ।

# ਮਾਡਲ ਸਕੂਲ ਦੇ ਐਨਸੀਸੀ ਕੈਡਿਟਾਂ ਵਲੋਂ ਗਰੁੱਪ ਕੈਪਟਨ ਚੀਮਾ ਨੂੰ ਯਾਦ ਕੀਤਾ ਗਿਆ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਅੱਜ ਇੱਥੇ ਗਰੁੱਪ ਕੈਪਟਨ ਗੁਰਪ੍ਰੀਤ ਸਿੰਘ ਚੀਮਾ ਨੂੰ ਉਨ੍ਹਾਂ ਦੀ ਬਰਸੀ ਮੌਕੇ ਯਾਦ ਕੀਤਾ। ਕੈਡਿਟਾਂ ਵਿੱਚ ਬਹੁਤ ਮਸ਼ਹੂਰ ਕੈਪਟਨ ਚੀਮਾ ਨੇ ਪਟਿਆਲਾ ਵਿਖੇ ਐਨ.ਸੀ.ਸੀ. ਯੂਨਿਟ ਦੀ ਅਗਵਾਈ ਕੀਤੀ। 2020 ਨੂੰ ਉਸਦਾ ਜਹਾਜ਼ ਕਰੈਸ਼ ਹੋ ਗਿਆ ਸੀ ਜਿਸ ਕਾਰਨ ਉਨ੍ਹਾਂ ਦੀ ਅਚਾਨਕ ਮੌਤ ਹੋ ਗਈ ਸੀ। ਸਕੂਲ ਦੇ ਐਨ. ਸੀ. ਸੀ. ਅਫਸਰ ਸਤਵੀਰ ਸਿੰਘ ਗਿੱਲ ਨੇ ਵੀ ਸਵੇਰ ਦੀ ਸਭਾ ਨੂੰ ਕੈਪਟਨ ਚੀਮਾ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਖਾਸ ਤੌਰ ਤੇ ਉਨ੍ਹਾਂ ਨੇ ਆਪਣੇ ਸ਼ਾਨਦਾਰ ਕੈਰੀਅਰ ਵਿੱਚ ਅੱਠ ਵੱਖ-ਵੱਖ ਜਹਾਜ਼ਾਂ ਦੀ ਉਡਾਣ ਭਰੀ ਸੀ ਜਿਸ ਵਿੱਚ ਮਿਗ-21, ਏਵੀਆਰਓ, ਏਐਨ-32, ਕਿਰਨ, ਐਚਪੀਟੀ-32, ਵਾਇਰਸ, ਮਾਈਕ੍ਰੋਲਾਈਟ ਅਤੇ ਸੀਨੇਬੇਰੀਆ ਸ਼ਾਮਲ ਸਨ। ਉਹ 2011-13 ਤੋਂ ਐਨ.ਸੀ.ਸੀ. ਯੂਨਿਟ, ਪਟਿਆਲਾ ਵਿਖੇ ਵਿੰਗ ਕਮਾਂਡਰ ਸੀ ਅਤੇ ਇੱਥੇ ਉਨ੍ਹਾਂ ਨੇ 2012 ਤੋਂ ਬੰਦ ਪਈ ਉਡਾਣ ਨੂੰ 2018 ਤੋਂ ਮੁੜ ਤੋਂ ਸ਼ੁਰੂ ਕਰਵਾਈ ਸੀ। ਇਸ ਮੌਕੇ ਏ.ਐਨ.ਓ ਸਤਵੀਰ ਸਿੰਘ ਅਤੇ ਹੋਰ ਸਟਾਫ਼ ਮੈਂਬਰ ਵੀ ਹਾਜ਼ਰ ਸਨ।

# ਪ੍ਰਸ਼ਾਸਨ ਵੱਲੋਂ ਜਲੰਧਰ 'ਚ ਨੰਬਰਦਾਰਾਂ ਦੀਆਂ 340 ਖਾਲੀ ਅਸਾਮੀਆਂ ਭਰਨ ਦੀ ਤਿਆਰੀ

## ਲੋਕਾਂ ਨੂੰ ਰੋਜ਼ਾਨਾਂ ਦੇ ਮਾਮਲਿਆਂ 'ਚ ਸਹੂਲਤ ਪ੍ਰਦਾਨ ਕਰਨ ਲਈ ਚੁੱਕਿਆ ਕਦਮ : ਜਸਪ੍ਰੀਤ ਸਿੰਘ

**ਜਲੰਧਰ, -ਰੋਜ਼ਾਨਾ ਸਵੇਰਾ-**

ਲੋਕਾਂ ਨੂੰ ਰੋਜ਼ਾਨਾਂ ਦੇ ਕੰਮਾਂ ਖਾਸ ਕਰਕੇ ਮਾਲ ਵਿਭਾਗ ਨਾਲ ਸਬੰਧਤ ਮਾਮਲਿਆਂ ਵਿੱਚ ਸਹੂਲਤ ਪ੍ਰਦਾਨ ਕਰਨ ਲਈ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਸਰਕਲ ਰੈਵੇਨਿਊ ਅਫ਼ਸਰਾਂ (ਸੀ.ਆਰ.ਓਜ਼) ਨੂੰ ਜ਼ਿਲ੍ਹੇ ਵਿੱਚ ਨੰਬਰਦਾਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਭਰਨ ਲਈ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ.ਆਰ.ਓਜ਼ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਜ਼ਿਲ੍ਹੇ ਵਿੱਚ ਨੰਬਰਦਾਰਾਂ ਦੀਆਂ 340 ਅਸਾਮੀਆਂ ਖਾਲੀ ਪਈਆਂ ਹਨ ਅਤੇ ਇਸ ਲਈ ਪ੍ਰਸ਼ਾਸਨ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ, ਖਾਸ ਕਰ ਦਿਹਾਤੀ ਖੇਤਰ ਵਿੱਚ, ਇਨ੍ਹਾਂ ਅਸਾਮੀਆਂ ਨੂੰ ਭਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜਲੰਧਰ-1 ਸਬ ਡਵੀਜ਼ਨ ਵਿੱਚ ਨੰਬਰਦਾਰਾਂ ਦੀਆਂ ਕੁੱਲ 41 ਅਸਾਮੀਆਂ ਖਾਲੀ ਹਨ। ਜਲੰਧਰ-2, ਆਦਮਪੁਰ, ਨਕੋਦਰ, ਸ਼ਾਹਕੋਟ ਅਤੇ ਫਿਲੌਰ ਸਬ ਡਵੀਜ਼ਨਾਂ ਵਿੱਚ ਕ੍ਰਮਵਾਰ 52, 71, 55, 28 ਅਤੇ 93 ਅਸਾਮੀਆਂ ਖਾਲੀ ਹਨ। ਜਸਪ੍ਰੀਤ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਕੰਮਕਾਜ ਦੌਰਾਨ ਨੰਬਰਦਾਰਾਂ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਦੇ ਆਪੋ-ਆਪਣੀ ਮਾਲ ਅਸਟੇਟ ਵਿੱਚ ਨਾ ਹੋਣ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਨੰਬਰਦਾਰ ਵੱਖ-ਵੱਖ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਖਾਸ ਕਰ ਕਈ ਸਰਕਾਰੀ ਸੇਵਾਵਾਂ ਲਈ ਬਿਨੈ ਕਰਨ ਵਾਲੇ ਵਿਅਕਤੀ ਦੀ ਪਛਾਣ ਕਰਨ ਵਿੱਚ; ਇਸ ਤਰ੍ਹਾਂ ਇਨ੍ਹਾਂ ਦੀ ਅਣ-ਉਪਲਬਧਤਾ ਪ੍ਰਸ਼ਾਸਨ ਦੇ ਸੁਚਾਰੂ ਸੰਚਾਲਨ ਦੇ ਨਾਲ-ਨਾਲ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਵੀ ਰੁਕਾਵਟ ਪੈਦਾ ਕਰ ਸਕਦੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਦੇ ਲੋਕਾਂ ਨੂੰ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸ ਕਾਰਜ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

# ਕਰੋੜਾਂ ਰੁਪਏ ਮੁੱਲ ਦੀ ਕਮਰਸ਼ੀਅਲ ਤੇ ਖੇਤੀਬਾੜੀ ਵਾਲੀ ਜ਼ਮੀਨ ਦੇ ਕਬਜ਼ੇ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਠਣੀ -ਪੁਲਸ ਦੀ ਕਾਰਗੁਜ਼ਾਰੀ 'ਤੇ ਵੀ ਉਠੇ ਸਵਾਲ



**ਮਾਲੇਰਕੋਟਲਾ,**
**-ਰੋਜ਼ਾਨਾ ਸਵੇਰਾ-**

ਸਥਾਨਕ ਕਲੱਬ ਚੌਕ ਨੇੜਲੀ ਮਸਜਿਦ ਫਰਾਜ਼ ਦੇ ਪਿੱਛੇ ਸਥਿਤ ਕਈ ਕਰੋੜ ਰੁਪਏ ਮੁੱਲ ਦੀ ਕਮਰਸ਼ੀਅਲ ਅਤੇ ਖੇਤੀਬਾੜੀ ਵਾਲੀ ਕਰੀਬ ਸਵਾ ਪੰਜ ਵਿਘੇ ਜ਼ਮੀਨ ਦੇ ਕਬਜ਼ੇ ਦਾ ਦੋ ਧਿਰਾਂ ਦਰਮਿਆਨ ਚੱਲਿਆ ਆ ਰਿਹਾ ਰੇੜਕਾ ਉਸ ਸਮੇਂ ਹੋਰ ਤੂਲ ਫੜ ਗਿਆ ਜਦੋਂ ਇਸ ਬਹੁ-ਕਰੋੜੀ ਜ਼ਮੀਨ ਦੇ ਕਬਜ਼ੇ ਨੂੰ ਲੈ ਕੇ ਦੋਵੇਂ ਧਿਰਾਂ ਨੇ ਖੁੱਲ੍ਹ ਕੇ ਸਾਹਮਣੇ ਆਉਂਦਿਆਂ ਮੀਡੀਆ 'ਚ ਆ ਕੇ ਇੱਕ-ਦੂਜੇ 'ਤੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਹਨ।ਕਰੀਬ 60 ਸਾਲ ਤੋਂ ਉਕਤ ਜ਼ਮੀਨ 'ਤੇ ਕਾਬਜ਼ ਹੋਣ ਦਾ ਦਾਅਵਾ ਕਰਨ ਵਾਲੀ ਇੱਕ ਧਿਰ ਦੇ ਮੈਂਬਰਾਂ ਸ਼ਕੀਲ ਅਹਿਮਦ ਅਤੇ ਮੁਹੰਮਦ ਜਮੀਲ ਨੇ ਆਪਣੇ ਸਮੁੱਚੇ ਪਰਿਵਾਰ ਸਮੇਤ ਉਪਰੋਕਤ ਵਿਵਾਦਤ ਜ਼ਮੀਨ ਵਾਲੇ ਸਥਾਨ 'ਤੇ ਬੁਲਾਈ ਵਿਸ਼ੇਸ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਸਾਹਮਣੇ ਜਿਥੇ ਉਕਤ ਜ਼ਮੀਨ 'ਤੇ ਕਾਬਜ਼ ਅਤੇ ਮਾਲਕ ਹੋਣ ਦਾ ਜ਼ੋਰਦਾਰ ਦਾਅਵਾ ਕੀਤਾ ਉਥੇ ਉਨ੍ਹਾਂ ਦੂਜੀ ਧਿਰ 'ਤੇ ਪੈਸੇ ਅਤੇ ਸਿਆਸਤ ਦੇ ਜ਼ੋਰ ਨਾਲ ਪੁਲਸ ਰਾਹੀਂ ਕਥਿਤ ਝੂਠੇ ਪਰਚੇ ਦਰਜ ਕਰਵਾਉਣ ਦੀਆਂ ਕਥਿਤ ਧਮਕੀਆਂ ਦੇਣ ਦੇ ਦੋਸ਼ ਲਗਾਉਂਦੇ ਹੋਏ ਸਥਾਨਕ ਪੁਲਸ ਨੂੰ ਵੀ ਸਵਾਲਾਂ ਦੇ ਘੇਰੇ 'ਚ ਲਿਆ ਖੜ੍ਹਾ ਕੀਤਾ ਹੈ।ਪੱਤਰਕਾਰਾਂ ਸਾਹਮਣੇ ਪੂਰੇ ਮਾਮਲੇ ਦਾ ਵਿਸਥਾਰਤ ਖੁਲਾਸਾ ਕਰਦੇ ਹੋਏ ਸ਼ਕੀਲ ਅਹਿਮਦ ਨੇ ਦੱਸਿਆ ਕਿ ਸਾਡਾ ਪਰਿਵਾਰ ਕਰੀਬ 1960 ਤੋਂ ਬਾਪ-ਦਾਦਿਆਂ ਦੇ ਵੇਲੇ ਦਾ ਇਸ ਜ਼ਮੀਨ 'ਤੇ ਕਾਬਜ਼ ਚੱਲਿਆ ਆ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਜ਼ਮੀਨ ਦੀ ਅਸਲੀ ਮਾਲਕ ਮਰਹੂਮ ਕੇਸਰ ਜਹਾਂ ਵਿਧਵਾ ਰਹਿਮਤ ਅਲੀ ਖਾਂ ਵਾਸੀ ਮੁਹੱਲਾ ਇਲਿਆਸ ਖਾਂ ਅੰਦਰੂਨ ਦਿੱਲੀਗੇਟ ਮਾਲੇਰਕੋਟਲਾ ਦੇ ਆਪਣੀ ਕੋਈ ਔਲਾਦ ਨਹੀਂ ਸੀ।ਜਿਸ ਕਾਰਨ ਸਾਡਾ ਪਰਿਵਾਰ ਹੀ ਸ਼ੁਰੂ ਤੋਂ ਮਰਹੂਮ ਵਿਧਵਾ ਕੇਸਰ ਜਹਾਂ ਦੀ ਸੇਵਾ ਕਰਦਾ ਆ ਰਿਹਾ ਸੀ।ਸ਼ਕੀਲ ਅਹਿਮਦ ਨੇ ਦੱਸਿਆ ਕਿ ਸਾਡੇ ਪਰਿਵਾਰ ਦੀ ਸੇਵਾ ਤੋਂ ਪ੍ਰਭਾਵਿਤ-ਖੁਸ਼ ਹੋ ਕੇ ਮਰਹੂਮ ਕੇਸਰ ਜਹਾਂ ਨੇ 31 ਮਈ 2013 ਨੂੰ ਉਪਰੋਕਤ ਜ਼ਮੀਨ ਦਾ ਹਿੱਸਾ (2665 ਗਜ਼) ਦਾ ਹਿਬਾਨਾਮਾ ਮੇਰੇ ਪਿਤਾ ਮੁਹੰਮਦ ਜਮੀਲ ਪੁੱਤਰ ਕਰੀਮਦੀਨ ਦੇ ਨਾਮ ਕਰ ਦਿੱਤਾ ਸੀ ਅਤੇ ਉਸ ਤੋਂ ਬਾਅਦ ਬਾਕੀ ਰਹਿੰਦੀ ਹਿੱਸਾ (2665 ਗਜ਼) ਦਾ ਦੂਜਾ ਹਿਬਾਨਾਮਾ ਮਰਹੂਮ ਕੇਸਰ ਜਹਾਂ ਨੇ 29 ਜਨਵਰੀ 2015 ਨੂੰ ਮੇਰੇ ਸ਼ਕੀਲ ਅਹਿਮਦ ਦੇ ਨਾਮ ਕਰ ਦਿੱਤਾ ਸੀ, ਜਦਕਿ ਉਕਤ ਜ਼ਮੀਨ 'ਤੇ ਕਬਜ਼ਾ ਪਹਿਲਾਂ ਹੀ ਸਾਡਾ ਚੱਲਿਆ ਆ ਰਿਹਾ ਹੈ ਅਤੇ ਲੰਬੇਂ ਸਮੇਂ ਤੋਂ ਸਾਡੀ ਇਸ ਜ਼ਮੀਨ 'ਤੇ ਹੀ ਰਿਹਾਇਸ਼ ਹੋਣ ਕਾਰਨ ਬਿਜਲੀ ਦਾ ਮੀਟਰ ਵੀ ਸਾਡੇ ਨਾਮ 'ਤੇ ਹੀ ਲੱਗਿਆ ਹੋਇਆ ਹੈ।

ਸ਼ਕੀਲ ਅਹਿਮਦ ਅਤੇ ਉਸਦੇ ਪਰਿਵਾਰ ਨੇ ਦੱਸਿਆ ਕਿ ਕਰੀਬ 10 ਦਿਨ ਪਹਿਲਾਂ ਵਿਰੋਧੀ ਧਿਰ ਦੇ ਲੋਕ ਪੁਲਸ ਦੀ ਕਥਿਤ ਸਹਾਇਤਾ ਨਾਲ ਕਬਜ਼ਾ ਲੈਣ ਲਈ ਇਥੇ ਆ ਧਮਕੇ ਅਤੇ ਸਾਨੂੰ ਧਮਕੀਆਂ ਦਿੰਦੇ ਹੋਏ ਜਿਥੇ ਉਪਰੋਕਤ ਜਗ੍ਹਾ ਖਾਲੀ ਕਰਨ ਲਈ ਜ਼ਬਰਦਸ਼ਤੀ ਦਬਾਓ ਬਣਾਉਣ ਲੱਗੇ ਉਥੇ ਮੌਕੇ 'ਤੇ ਮੌਜੂਦ ਪੁਲਸ ਵਾਲੇ ਵੀ ਕਥਿਤ ਧਮਕਾਉਣ ਲੱਗੇ ਕਿ ਜ਼ਮੀਨ ਖਾਲੀ ਕਰ ਦਿਓ ਨਹੀਂ ਤਾਂ ਤੁਹਾਡੇ ਸਮੁੱਚੇ ਪਰਿਵਾਰ ਖਿਲਾਫ ਪਰਚਾ ਦਰਜ ਕਰਕੇ ਕਥਿਤ ਚੁੱਕ ਲੈ ਜਾਵਾਂਗੇ।ਸਥਾਨਕ ਪੁਲਸ 'ਤੇ ਸਿਆਸੀ ਪ੍ਰੈਸ਼ਰ ਹੇਠ ਵਿਰੋਧੀਆਂ ਦਾ ਪੱਖ ਪੂਰਨ ਅਤੇ ਉਨ੍ਹਾਂ ਦੀ ਕੋਈ ਸੁਣਵਾਈ ਨਾ ਕੀਤੇ ਜਾਣ ਦਾ ਕਥਿਤ ਦੋਸ਼ ਲਗਾਉਂਦੇ ਹੋਏ ਸ਼ਕੀਲ ਅਹਿਮਦ ਨੇ ਦੱਸਿਆ ਕਿ ਸਥਾਨਕ ਪੁਲਸ ਨੇ ਉਨ੍ਹਾਂ ਦੇ ਦੋ ਨੌਜਵਾਨ ਪਰਿਵਾਰਕ ਮੈਂਬਰਾਂ ਦੀਆਂ 7-51 ਤਹਿਤ ਜ਼ਮਾਨਤਾਂ ਵੀ ਕਰਵਾ ਦਿੱਤੀਆਂ ਹਨ।ਸ਼ਕੀਲ ਅਹਿਮਦ ਦੇ ਸਮੁੱਚੇ ਪਰਿਵਾਰ ਨੇ ਆਪਣੀ ਜਾਨ ਨੂੰ ਖਤਰਾ ਹੋਣ ਦਾ ਸ਼ੱਕ ਜਿਤਾਉਂਦਿਆਂ ਸਪੱਸ਼ਟ ਕੀਤਾ ਕਿ ਜੇਕਰ ਸਾਡੇ ਕਿਸੇ ਵੀ ਪਰਿਵਾਰਕ ਮੈਂਬਰ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਵਿਰੋਧੀ ਧਿਰ 'ਚ ਸ਼ਾਮਲ ਲੋਕ ਜਿੰਨ੍ਹਾਂ ਦੇ ਮੀਡੀਆ ਸਾਹਮਣੇ ਸਪੱਸ਼ਟ ਨਾਮ ਲੈਂਦਿਆਂ ਕਿਹਾ ਕਿ ਉਪਰੋਕਤ ਲੋਕ ਸਾਡੇ ਜਾਨੀ-ਮਾਲੀ ਨੁਕਸਾਨ ਦੇ ਕਥਿਤ ਜਿੰਮੇਵਾਰ ਹੋਣਗੇ।ਸ਼ਕੀਲ ਅਹਿਮਦ ਦੇ ਪਰਿਵਾਰ ਨੇ ਇਨਸਾਫ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਸਮੇਤ ਗ੍ਰਹਿ ਵਿਭਾਗ ਪੰਜਾਬ, ਡੀ.ਜੀ.ਪੀ. ਪੰਜਾਬ ਪੁਲਸ, ਚੇਅਰਮੈਨ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ, ਆਈ.ਜੀ. ਸਾਹਿਬ ਪਟਿਆਲਾ ਰੇਂਜ ਦੇ ਨਾਲ-ਨਾਲ ਐਸ.ਐਸ.ਪੀ. ਮਾਲੇਰਕੋਟਲਾ ਨੂੰ ਵੀ ਦਰਖਾਸਤਾਂ ਭੇਜ ਕੇ ਗੁਹਾਰ ਲਗਾਈ ਹੈ ਕਿ ਉਨ੍ਹਾਂ ਦੀ ਜ਼ਮੀਨ 'ਤੇ ਕਥਿਤ ਧੱਕੇ ਨਾਲ ਕਬਜ਼ੇ ਦੀ ਕੋਸ਼ਿਸ ਕਰਨ ਵਾਲੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਲੋਕਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਕੇ ਸਾਡੇ ਜਾਨ-ਮਾਲ ਦੀ ਰਾਖੀ ਕੀਤੀ ਜਾਵੇ।

**ਕੀ ਕਹਿਣਾ ਹੈ ਡੀ.ਐਸ.ਪੀ. ਮਾਲੇਰਕੋਟਲਾ ਦਾ**

ਉਪਰੋਕਤ ਮਾਮਲੇ ਬਾਰੇ ਜਦੋਂ ਡੀ.ਐਸ.ਪੀ. ਮਾਲੇਰਕੋਟਲਾ ਕੁਲਦੀਪ ਸਿੰਘ ਵਿਰਕ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਪੁਲਸ 'ਤੇ ਕਿਸੇ ਵੀ ਤਰ੍ਹਾਂ ਦਾ ਕੋਈ ਸਿਆਸੀ ਦਬਾਅ ਨਾ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਇੱਕ ਧਿਰ ਵੱਲੋਂ ਪੁਲਸ ਪਾਸ ਦਰਖਾਸਤ ਦਿੱਤੀ ਗਈ ਸੀ।ਜਿਸ ਤੇ ਕਾਰਵਾਈ ਕਰਦਿਆਂ ਪੁਲਸ ਮੁਲਾਜ਼ਮ ਉਕਤ ਵਿਵਾਦਤ ਜ਼ਮੀਨ ਦਾ ਮੌਕਾ ਦੇਖਣ ਲਈ ਗਏ ਸੀ, ਜਦ ਕਿ ਪੁਲਸ ਵੱਲੋਂ ਕਿਸੇ ਨੂੰ ਵੀ ਕੋਈ ਧਮਕੀ ਵਗੈਰਾ ਨਹੀਂ ਦਿੱਤੀ ਗਈ।ਡੀ.ਐਸ.ਪੀ. ਸਾਹਿਬ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਅਸੀਂ ਦੋਵਾਂ ਪਾਰਟੀਆਂ ਤੋਂ ਉਨ੍ਹਾਂ ਦੇ ਜ਼ਮੀਨ ਦੀ ਮਾਲਕੀ ਅਤੇ ਕਬਜ਼ਾ ਵਗੈਰਾ ਦੇ ਕਾਗਜ਼ੀ ਸਬੂਤ ਮੰਗਵਾਏ ਹਨ।ਜਿੰਨ੍ਹਾਂ ਦੀ ਜਾਂਚ ਚੱਲ ਰਹੀ ਹੈ।ਉਨ੍ਹਾਂ ਕਿਹਾ ਕਿ ਪੁਲਸ ਦਾ ਕੰਮ ਅਮਨ-ਸ਼ਾਂਤੀ ਕਾਇਮ ਰੱਖਣਾ ਹੈ।ਜਿਸਦੇ ਲਈ ਪੁਲਸ ਕਾਨੂੰਨ ਮੁਤਾਬਕ ਆਪਣਾ ਕੰਮ ਕਰ ਰਹੀ ਹੈ।

# G20 ਦੇਸ਼ਾਂ ਨੂੰ ਦਰਪੇਸ਼ ਚੁਣੌਤੀਆਂ ਦਾ ਮਜ਼ਬੂਤੀ ਨਾਲ ਹੱਲ ਕਰਨਾ ਹੋਵੇਗਾ: ਗਵਰਨਰ

**ਬੈਂਗਲੁਰੂ,**
**-ਰੋਜ਼ਾਨਾ ਸਵੇਰਾ-**

ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਸ਼ੁੱਕਰਵਾਰ ਨੂੰ ਜੀ-20 ਦੇਸ਼ਾਂ ਨੂੰ ਵਿੱਤੀ ਸਥਿਰਤਾ ਲਈ ਖਤਰਿਆਂ ਅਤੇ ਕਰਜ਼ ਸੰਕਟ ਵਰਗੀਆਂ ਵਿਸ਼ਵ ਅਰਥਵਿਵਸਥਾ ਨੂੰ ਦਰਪੇਸ਼ ਚੁਣੌਤੀਆਂ ਦਾ ਦ੍ਰਿੜਤਾ ਨਾਲ ਹੱਲ ਕਰਨ ਦਾ ਸੱਦਾ ਦਿੱਤਾ।

ਜੀ-20 ਦੇ ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕ ਦੇ ਗਵਰਨਰਾਂ ਦੀ ਮੀਟਿੰਗ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਦਾਸ ਨੇ ਕਿਹਾ ਕਿ ਹਾਲ ਹੀ ਦੇ ਮਹੀਨਿਆਂ ਵਿੱਚ ਵਿਸ਼ਵ ਅਰਥਚਾਰੇ ਲਈ ਦ੍ਰਿਸ਼ਟੀਕੋਣ ਵਿੱਚ ਸੁਧਾਰ ਹੋਇਆ ਹੈ ਅਤੇ ਵਧੇਰੇ ਆਸ਼ਾਵਾਦੀ ਹੈ ਕਿ ਵਿਸ਼ਵ ਇੱਕ ਡੂੰਘੀ ਮੰਦੀ ਤੋਂ ਬਚ ਸਕਦਾ ਹੈ ਅਤੇ ਇਸ ਤੋਂ ਉਭਰ ਸਕਦਾ ਹੈ, ਸਿਰਫ ਹੌਲੀ ਵਿਕਾਸ ਜਾਂ ਹਲਕੀ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਨੇ ਕਿਹਾ ਫਿਰ ਵੀ ਸਾਡੇ

# ਪਿੰਡ ਵਾੜਾ ਦਰਾਕਾ ਵਿਖੇ ਏਡੀਸੀ ਨੇ ਲੋਕਾਂ ਦੀਆਂ ਸੱਮਸਿਆਵਾਂ ਸੁਣੀਆਂ

**ਕੋਟਕਪੂਰਾ,**
**-ਰੋਜ਼ਾਨਾ ਸਵੇਰਾ-**



ਆਮ ਆਦਮੀ ਦੀ ਬਣੀ ਸਰਕਾਰ ਵੱਲੋਂ ਸਿਵਲ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹਰ ਪਿੰਡ ਪਿੰਡ ਜਾ ਕੇ ਸਾਂਝੀ ਥਾਵਾਂ ਤੇ ਲੋਕਾਂ ਦੀਆਂ ਸੱਮਸਿਆਵਾਂ ਸੁਣ ਉਸ ਕੜੀ ਤਹਿਤ ਅੱਜ ਏ ਡੀ ਸੀ ਰਾਜਪਾਲ ਫਰੀਦਕੋਟ ਅਤੇ ਤਹਿਸੀਲਦਾਰ ਪਰਮਜੀਤ ਸਿੰਘ ਬਰਾੜ ਕੋਟਕਪੂਰਾ ਨੇ ਲੋਕਾਂ ਦੀਆਂ ਸੱਮਸਿਆਵਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਚੋਂ ਕਈ ਮੰਗਾਂ ਦਾ ਮੌਕੇ ਹੱਲ ਕੀਤਾ ਗਿਆ ਬਾਕੀ ਮੰਗਾਂ ਦਾ ਬਹੁਤ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਪਿੰਡ ਦੀ ਸਰਪੰਚ ਹਰਜੀਤ ਕੌਰ ਪਤਨੀ ਕਰਮਜੀਤ ਸਿੰਘ, ਗੁਰਜੰਟ ਸ਼ਰਮਾ ਰਿਟਾਇਰ ਏ ਐਸ ਆਈ ਗੁਰਤੇਜ ਸਿੰਘ, ਪੰਚ ਪਰਮਜੀਤ ਕੌਰ ਸੇਵਕ ਸਿੰਘ ਐਸੀ ਵਿੰਗ ਪ੍ਰਧਾਨ, ਸੁਖਪ੍ਰੀਤ ਕੌਰ ਸਟੂਡੈਂਟਸ ਨੇ ਏਡੀਸੀ ਅਤੇ ਤਹਿਸੀਲਦਾਰ ਪਰਮਜੀਤ ਸਿੰਘ ਬਰਾੜ ਨੂੰ ਦੱਸਿਆ ਕਿ ਪਿੰਡ ਦੀਆਂ ਜੋ ਸੱਮਸਿਆਵਾਂ ਪਹਿਲਾਂ ਮੰਗ ਵਾੜੇ ਦਰਾਕੇ ਬੱਸ ਅੱਡੇ ਤੇ ਬੱਸਾਂ ਰੁਕਣ, ਪਿੰਡ ਵਿੱਚ ਸਰਕਾਰੀ ਬੈਕ ਵਾਪਸ ਲਿਆਉਣ ਸਬੰਧੀ, ਗਲੀਆਂ ਨਾਲੀਆਂ,ਛੱਪੜ,ਦਾਣਾ ਮੰਡੀ, ਬਾਬਾ ਜੀਵਨ ਨਗਰ ਮੁਹੱਲਾ ਲਈ ਕੂੜਾ ਸੁੱਟਣ ਲਈ ਜਗ੍ਹਾ ਦਿੱਤੀ ਜਾਵੇ ਅਤੇ ਨਰੇਗਾ ਮਜ਼ਦੂਰਾਂ ਨੇ ਦੱਸਿਆ ਕਿ ਸਾਡੇ ਕੀਤੇ ਗਏ ਕੰਮਾਂ ਦੇ ਪੈਸੇ ਨਹੀਂ ਮਿਲ ਰਹੇ ਹਨ ਅਤੇ 365 ਦਿਨਾਂ ਵਿਚੋਂ 51 ਦਿਨਾਂ ਦਾ ਹੀ ਕੰਮ ਮਿਲਦਾ ਹੈ।

ਉਨ੍ਹਾਂ ਇਹ ਸੱਮਸਿਆਵਾਂ ਆਏ ਹੋਏ ਉਚ ਅਧਿਕਾਰੀਆਂ ਨੂੰ ਦੱਸੀਆਂ ਗਈਆਂ ਹਨ ਜਿਨ੍ਹਾਂ ਤੇ ਏਡੀਸੀ ਰਾਜਪਾਲ ਸਿੰਘ ਫਰੀਦਕੋਟ ਅਤੇ ਤਹਿਸੀਲਦਾਰ ਪਰਮਜੀਤ ਸਿੰਘ ਬਰਾੜ ਨੇ ਲੋਕਾਂ ਨੂੰ ਵਿਸ਼ਵਾਸ਼ ਦਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਸਹੀ ਹਨ ਇਹਨਾਂ ਦਾ ਜਲਦੀ ਹੱਲ ਕੀਤਾ ਜਾਵੇਗਾ।

# ਪੰਜਾਬੀ ਭਾਸ਼ਾ ਤੇ ਗੁਰਮੁੱਖੀ ਲਿੱਪੀ ਨੂੰ ਤਰਜੀਹ ਦੇਣ ਲਈ ਪਟਿਆਲਾ ਜ਼ਿਲ੍ਹਾ ਮੋਹਰੀ : ਸਾਕਸ਼ੀ ਸਾਹਨੀ

**ਪਟਿਆਲਾ, -ਰੋਜ਼ਾਨਾ ਸਵੇਰਾ-**




ਪੰਜਾਬੀ ਭਾਸ਼ਾ (ਗੁਰਮੁੱਖੀ ਲਿੱਪੀ) ਨੂੰ ਸਰਕਾਰੀ ਦਫ਼ਤਰਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਵਧੇਰੇ ਮਹੱਤਤਾ ਦੇਣ ਲਈ ਜ਼ਿਲ੍ਹਾ ਪਟਿਆਲਾ ਪ੍ਰਸ਼ਾਸਨ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ ਲਈ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਇਹ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਪੰਜਾਬੀ ਸਾਡੀ ਮਾਤ ਭਾਸ਼ਾ ਹੈ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਨੂੰ ਵੱਧ ਤਰਜੀਹ ਤਾਂ ਦਿੱਤੀ ਜਾ ਰਹੀ ਹੈ ਪਰੰਤੂ ਬਾਕੀ ਭਾਸ਼ਾਵਾਂ ਨੂੰ ਵੀ ਬਣਦਾ ਸਤਿਕਾਰ ਦਿੱਤਾ ਜਾਂਦਾ ਹੈ।

ਡਿਪਟੀ ਕਮਿਸ਼ਨਰ ਨੇ ਅੱਜ ਇੱਥੇ ਦੱਸਿਆ ਕਿ ਪਟਿਆਲਾ ਹੈਰੀਟੇਜ ਫੈਸਟੀਵਲ ਤਹਿਤ ਕਰਵਾਈ ਗਈ ਹੈਰੀਟੇਜ ਵਾਕ ਦੇ ਰਸਤੇ ਸ਼ਾਹੀ ਸਮਾਧਾਂ ਤੋਂ ਲੈਕੇ ਕਿਲਾ ਮੁਬਾਰਕ ਤੱਕ ਸਾਰੀਆਂ ਅਹਿਮ ਥਾਂਵਾਂ ਉਤੇ ਨਗਰ ਨਿਗਮ ਵੱਲੋਂ ਲਗਾਏ ਗਏ ਕਿਊਆਰ ਕੋਡ ਵਾਲੇ ਬੋਰਡਾਂ ਨੂੰ ਫੋਨ ਰਾਹੀਂ ਸਕੈਨ ਕਰਨ 'ਤੇ ਉਸ ਥਾਂ ਬਾਰੇ ਮੁਢਲੀ ਜਾਣਕਾਰੀ ਪੰਜਾਬੀ ਭਾਸ਼ਾ ਵਿੱਚ ਵੀ ਉਪਲਬੱਧ ਹੈ ਜਦਕਿ ਇਸ ਨੂੰ ਪੰਜਾਬੀ ਨਾ ਜਾਨਣ ਵਾਲਿਆਂ ਲਈ ਅੰਗਰੇਜੀ ਵਿੱਚ ਲਿਖਿਆ ਗਿਆ ਹੈ।

ਸਾਕਸ਼ੀ ਸਾਹਨੀ ਨੇ ਦੱਸਿਆ ਕਿ ਕਰਾਫ਼ਟ ਮੇਲਾ ਰੰਗਲਾ ਪੰਜਾਬ 'ਚ ਇਕੱਲੇ ਪੰਜਾਬ ਤੋਂ ਹੀ ਨਹੀਂ ਬਲਕਿ ਦੇਸ਼ ਦੇ ਦੂਜੇ ਰਾਜਾਂ ਦੇ ਦਸਤਕਾਰਾਂ ਤੇ ਕਲਾਕਾਰਾਂ ਸਮੇਤ ਬਾਹਰਲੇ ਮੁਲਕਾਂ ਦੇ ਵੀ ਦਸਤਕਾਰ ਪੁੱਜ ਰਹੇ ਹਨ, ਇਸ ਲਈ ਸ਼ੀਸ਼ ਮਹਿਲ ਵਿਖੇ ਪੰਜਾਬੀ ਦੇ ਨਾਲ-ਨਾਲ ਅੰਗਰੇਜੀ ਭਾਸ਼ਾ ਵਿੱਚ ਵੀ ਕੁਝ ਬੋਰਡ ਲਗਾਏ ਗਏ ਹਨ ਤਾਂ ਕਿ ਬਾਹਰੋਂ ਆਉਣ ਵਾਲਿਆਂ ਨੂੰ ਕੋਈ ਮੁਸ਼ਕਿਲ ਨਾ ਆਵੇ। ਡੀ.ਸੀ. ਨੇ ਦੱਸਿਆ ਕਿ ਇਸ ਤੋਂ ਬਿਨ੍ਹਾਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਆਦੇਸ਼ਾਂ ਦੀ ਪਾਲਣਾ ਹੇਠਲੇ ਪੱਧਰ 'ਤੇ ਕਰਵਾਉਣ ਲਈ ਵਿੱਢੀ ਮੁਹਿੰਮ ਤਹਿਤ ਵਪਾਰ ਮੰਡਲ ਸਮੇਤ ਹੋਰ ਅਦਾਰਿਆਂ ਦੇ ਨੁਮਾਇੰਦਿਆਂ ਨਾਲ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਸਭ ਤੋਂ ਪਹਿਲਾਂ ਬੈਠਕਾਂ ਕੀਤੀਆਂ ਅਤੇ ਸਰਕਾਰ ਦੇ ਹੁਕਮਾਂ ਤੋਂ ਜਾਣੂ ਕਰਵਾਉਂਦਿਆਂ ਸਮੂਹ ਪੱਟੀਆਂ, ਸਾਈਨ ਬੋਰਡਾਂ ਉਪਰ ਪੰਜਾਬੀ ਭਾਸ਼ਾ/ਗੁਰਮੁੱਖੀ ਲਿੱਪੀ ਨੂੰ ਪਹਿਲੇ ਸਥਾਨ ਉਪਰ ਲਿਖਿਆ ਜਾਣਾ ਯਕੀਨੀ ਬਣਾਉਣ ਬਾਰੇ ਦੱਸਿਆ।

ਉਨ੍ਹਾਂ ਕਿਹਾ ਕਿ ਇਸ ਤਹਿਤ ਪਟਿਆਲਾ ਜ਼ਿਲ੍ਹੇ ਦੇ ਨਿਜੀ ਸਕੂਲਾਂ, ਹਸਪਤਾਲਾਂ, ਲੈਬਾਰਟਰੀਆਂ, ਵਪਾਰ ਮੰਡਲ ਸਮੇਤ ਹੋਰ ਅਦਾਰਿਆਂ ਦੇ ਨੁਮਾਇੰਦਿਆਂ ਪੰਜਾਬੀ ਭਾਸ਼ਾ (ਗੁਰਮੁੱਖੀ ਲਿੱਪੀ) 'ਚ ਬੋਰਡ ਲਗਵਾਉਣ ਦੀ ਕਾਰਵਾਈ ਲਗਾਤਾਰ ਚੱਲ ਰਹੀ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਪਹਿਲਾਂ ਕੀਤੀ ਅਪੀਲ ਦੇ ਮੱਦੇਨਜ਼ਰ ਜ਼ਿਲ੍ਹੇ ਅੰਦਰ ਬਹੁਤ ਸਾਰੇ ਅਦਾਰਿਆਂ ਨੇ ਪੰਜਾਬ ਸਰਕਾਰ ਦੇ ਹੁਕਮਾਂ ਨੂੰ ਮੰਨਦੇ ਹੋਏ ਗੁਰਮੁੱਖੀ ਲਿੱਪੀ ਨੂੰ ਤਰਜੀਹ ਦਿੱਤੀ ਹੈ। ਡਿਪਟੀ ਕਮਿਸ਼ਨਰ ਨੇ ਨਾਲ ਹੀ ਜ਼ਿਲ੍ਹਾ ਨਿਵਾਸੀਆਂ ਨੂੰ ਮੁੜ ਤੋਂ ਅਪੀਲ ਕੀਤੀ ਕਿ ਉਹ ਆਪਣੇ ਅਦਾਰਿਆਂ ਦੇ ਬਾਹਰ ਲਿਖੇ ਬੋਰਡ ਪੰਜਾਬੀ ਭਾਸ਼ਾ (ਗੁਰਮੁੱਖੀ ਲਿੱਪੀ) ਵਿੱਚ ਜਰੂਰ ਲਿਖਵਾ ਲੈਣ।

# ਸ਼ੀਸ਼ ਮਹਿਲ 'ਚ ਕਰਾਫ਼ਟ ਮੇਲਾ-ਰੰਗਲਾ ਪੰਜਾਬ ਅੱਜ ਤੋਂ : ਸਾਕਸ਼ੀ ਸਾਹਨੀ

## ➢ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਪਟਿਆਲਵੀਆਂ ਨੂੰ ਆਨੰਦ ਮਾਨਣ ਦਾ ਸੱਦਾ ➢ ਲਾਇਨਾਂ 'ਚ ਲੱਗ ਕੇ ਟਿਕਟ ਲੈਣ ਦੀ ਥਾਂ ਆਨ-ਲਾਇਨ ਈ-ਟਿਕਟ ਖਰੀਦ ਸਕਦੇ ਹਨ ਦਰਸ਼ਕ

**ਪਟਿਆਲਾ, -ਰੋਜ਼ਾਨਾ ਸਵੇਰਾ-**



ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸਮੂਹ ਪਟਿਆਲਵੀਆਂ ਨੂੰ ਪਟਿਆਲਾ ਦੀ ਵਿਰਾਸਤੀ ਇਮਾਰਤ ਸ਼ੀਸ਼ ਮਹਿਲ ਦੇ ਵਿਹੜੇ 'ਚ 25 ਫਰਵਰੀ ਤੋਂ 5 ਮਾਰਚ ਤੱਕ ਲੱਗਣ ਜਾ ਰਹੇ ਕਰਾਫ਼ਟ ਮੇਲਾ-ਰੰਗਲਾ ਪੰਜਾਬ 2023 ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਹੈ।ਅੱਜ ਇੱਥੇ ਸ਼ੀਸ਼ ਮਹਿਲ ਵਿਖੇ ਇਸ ਮੇਲੇ ਲਈ ਮੁਕੰਮਲ ਹੋ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਮੇਲੇ ਦਾ ਉਦਘਾਟਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਦਰਸ਼ਕ ਇਸ ਕਰਾਫ਼ਟ ਮੇਲੇ ਦੀਆਂ ਟਿਕਟਾਂ ਲਾਇਨਾਂ ਵਿੱਚ ਲੱਗਕੇ ਖਰੀਦਣ ਦੀ ਥਾਂ ਆਨਲਾਈਨ ਵੈਬਸਾਇਟ 'ਕਰਾਫਟਮੇਲਾ ਡਾਟ ਮਾਈਗੇਟਪੇ ਡਾਟ ਕਾਮ' ਤੋਂ ਵੀ ਖਰੀਦ ਸਕਦੇ ਹਨ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ 'ਰੰਗਲਾ ਪੰਜਾਬ' ਸੰਕਲਪ ਤਹਿਤ ਕਰਾਫ਼ਟ ਮੇਲਾ ਪਹਿਲੀ ਵਾਰ ਰੰਗਲਾ ਪੰਜਾਬ ਦੇ ਨਾਮ ਹੇਠ ਕਰਵਾਇਆ ਜਾ ਰਿਹਾ ਹੈ। ਸਾਕਸ਼ੀ ਸਾਹਨੀ ਨੇ ਦੱਸਿਆ ਕਿ ਰੰਗਲਾ ਪੰਜਾਬ ਕਰਾਫ਼ਟ ਮੇਲੇ ਵਿੱਚ ਦਰਸ਼ਕਾਂ ਲਈ ਮਸ਼ਹੂਰ ਗਾਇਕ ਅੰਮ੍ਰਿਤ ਮਾਨ ਆਪਣੀ ਪੇਸ਼ਕਾਰੀ ਦੇਣਗੇ। ਜਦੋਂਕਿ ਸਮੇਤ ਉੱਤਰ ਖੇਤਰੀ ਸਭਿਆਚਾਰਕ ਕੇਂਦਰ ਪਟਿਆਲਾ ਵਲੋਂ ਦਰਜਨ ਤੋਂ ਵੱਧ ਰਾਜਾਂ ਦੇ ਲੋਕ ਨਾਚਾਂ ਅਤੇ ਲੋਕ ਕਲਾਵਾਂ ਦੇ 125 ਦੇ ਕਰੀਬ ਕਲਾਕਾਰ ਆਪਣੀਆਂ ਵੰਨਗੀਆਂ ਪੇਸ਼ ਕਰਨਗੇ। ਇਸ ਤੋਂ ਬਿਨ੍ਹਾਂ ਅਫ਼ਗਾਨਿਸਤਾਨ, ਦੱਖਣੀ ਅਫ਼ਰੀਕਾ ਤੇ ਥਾਈਲੈਂਡ ਸਮੇਤ ਦੇਸ਼ ਭਰ ਤੋਂ ਪੁੱਜਣ ਵਾਲੇ ਵੱਖ-ਵੱਖ ਹਸਤ ਕਲਾਵਾਂ ਦੇ ਮਾਹਰਾਂ ਦੀਆਂ ਦਸਤਕਾਰੀ ਵਸਤਾਂ ਦੇ 110 ਸਟਾਲ ਲੱਗਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਰਾਫਟ ਮੇਲੇ 'ਚ ਬੱਚਿਆਂ ਲਈ ਕਿਡਜ਼ ਕਾਰਨਰ, ਝੂਲੇ, ਖੇਡਾਂ ਤੇ ਹੋਰ ਮੰਨੋਰੰਜਨ, ਲਜ਼ੀਜ ਖਾਣਿਆਂ ਦੀਆਂ ਸਟਾਲਾਂ, ਲੋਕ ਨਾਚ ਸਮੇਤ ਹੋਰ ਬਹੁਤ ਕੁਝ ਹੋਵੇਗਾ, ਇਸ ਲਈ ਸਾਰੇ ਪਟਿਆਲਾ ਵਾਸੀਆਂ ਸਮੇਤ ਪੰਜਾਬ ਵਾਸੀ ਇਸ ਮੇਲੇ ਦਾ ਜ਼ਰੂਰ ਆਨੰਦ ਮਾਨਣ ਲਈ ਪੁੱਜਣ।

ਇਸ ਮੌਕੇ ਮੇਲੇ ਦੇ ਨੋਡਲ ਅਫ਼ਸਰ ਤੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਈਸ਼ਾ ਸਿੰਘਲ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਜੀਵਨ ਜੋਤ ਕੌਰ, ਐਸ.ਡੀ.ਐਮ. ਰਾਜਪੁਰਾ ਡਾ. ਸੰਜੀਵ ਕੁਮਾਰ, ਆਬਕਾਰੀ ਵਿਭਾਗ ਦੇ ਸਹਾਇਕ ਕਮਿਸ਼ਨਰ ਕੰਨੂ ਗਰਗ ਤੇ ਡੀ.ਐਸ.ਪੀ. ਸਕਿਉਰਟੀ ਕਰਨੈਲ ਸਿੰਘ ਆਦਿ ਅਧਿਕਾਰੀਆਂ ਨਾਲ ਬੈਠਕ ਕਰਨ ਦੌਰਾਨ ਡਿਪਟੀ ਕਮਿਸ਼ਨਰ ਨੇ ਕਰਾਫ਼ਟ ਮੇਲੇ 'ਚ ਵਲੰਟੀਅਰਾਂ ਵਜੋਂ ਸੇਵਾ ਨਿਭਾਉਣ ਵਾਲੇ ਨੌਜਵਾਨਾਂ ਨਾਲ ਵੀ ਗੱਲਬਾਤ ਕੀਤੀ।

# ਸੱਭਿਆਚਾਰ ਤੇ ਵਿਰਸਾ



# ਅਵਚੇਤਨ ਦੀ ਸ਼ਕਤੀ

## ਚੇਤਨ ਅਵਚੇਤਨ

■ ਨਰਿੰਦਰ ਸਿੰਘ ਕਪੂਰ

**ਅਵਚੇਤਨ ਨੂੰ ਹਰ ਕੋਈ ਵਰਤ ਸਕਦਾ ਹੈ। ਦਿਨ ਦਾ ਕੁਝ ਭਾਗ ਇਕੱਲਿਆਂ ਗੁਜ਼ਾਰੋ। ਇਕੱਲਿਆਂ ਸੈਰ ਕਰੋ। ਦਰੱਖਤ ਥੱਲੇ ਇਕੱਲਿਆਂ ਬੈਠੋ।**

***ਜਦੋਂ ਮਨੁੱਖ ਕਹਿੰਦਾ ਹੈ ਕਿ ਉਸ ਦੀਆਂ ਅਰਦਾਸਾਂ ਨਹੀਂ ਮੰਨੀਆਂ ਗਈਆਂ ਤਾਂ ਉਹ ਕਦੇ ਨਹੀਂ ਸੋਚਦਾ ਕਿ ਉਸ ਦੀਆਂ ਅਰਦਾਸਾਂ ਗ਼ਲਤ ਅਤੇ ਨਾਵਾਜਬ ਸਨ। ਤਿੰਨ ਧੀਆਂ ਦੀ ਇੱਕ ਮਾਂ ਨੇ ਅਰਦਾਸ ਕੀਤੀ ਕਿ ਦਰਾਣੀ ਦੇ ਵੀ ਲੜਕੀ ਹੋਵੇ, ਲੜਕਾ ਹੋਇਆ।***

ਮਨ ਦੀ ਡੂੰਘਾਈ ਜਾਂ ਡੂੰਘੇ ਮਨ ਨੂੰ ਅਵਚੇਤਨ ਕਹਿੰਦੇ ਹਨ। ਇਸੇ ਨੂੰ ਅੰਦਰਲੀ ਸ਼ਕਤੀ, ਰੂਹਾਨੀ ਸ਼ਕਤੀ ਜਾਂ ਮਨ ਦੀ ਸ਼ਕਤੀ ਵੀ ਕਿਹਾ ਜਾਂਦਾ ਹੈ। ਸਾਡਾ ਸਭ ਦਾ ਇੱਕ ਸਾਂਝਾ ਮਨ ਹੁੰਦਾ ਹੈ, ਸਾਰੀ ਮਨੁੱਖੀ ਨਸਲ ਦਾ ਸਾਂਝਾ ਮਨ। ਇਹ ਲੱਖਾਂ ਕਰੋੜਾਂ ਸਾਲਾਂ ਵਿੱਚ ਉਸਰਿਆ ਹੈ ਅਤੇ ਇਸ ਵਿੱਚ ਸਾਰੀ ਮਾਨਵ ਜਾਤੀ ਦੇ ਸਾਰੇ ਅਨੁਭਵ, ਸੰਸੇ, ਡਰ, ਭੈਅ, ਆਸਾਂ ਉਮੀਦਾਂ ਵਸਦੀਆਂ ਹਨ। ਇਹ ਸਮੁੱਚੀ ਮਾਨਵ ਜਾਤੀ ਦਾ ਸਾਂਝਾ ਅਵਚੇਤਨ ਹੈ। ਇਹ ਬੜਾ ਵਿਸ਼ਾਲ ਹੁੰਦਾ ਹੈ। ਹਰੇਕ ਵਿਅਕਤੀ ਦਾ ਇੱਕ ਵਿਅਕਤੀਗਤ ਮਨ ਵੀ ਹੁੰਦਾ ਹੈ ਜਿਸ ਨਾਲ ਅਸੀਂ ਰੋਜ਼ਾਨਾ ਜੀਵਨ ਦੀਆਂ ਨਿੱਜੀ, ਪਰਿਵਾਰਕ, ਸਮਾਜਿਕ ਤੇ ਆਰਥਿਕ ਸਮੱਸਿਆਵਾਂ ਸੋਚਦੇ ਅਤੇ ਸੁਲਝਾਉਂਦੇ ਹਾਂ। ਇਸ ਨੂੰ ਚੇਤਨ ਮਨ ਕਹਿੰਦੇ ਹਨ। ਸਾਧਾਰਨ ਮਨੁੱਖਾਂ ਅਤੇ ਮਹਾਂਪੁਰਸ਼ਾਂ, ਕਲਾਕਾਰਾਂ, ਕਵੀਆਂ, ਚਿੱਤਰਕਾਰਾਂ, ਚਿੰਤਕਾਂ, ਵਿਗਿਆਨੀਆਂ ਵਿੱਚ ਫ਼ਰਕ ਇਹ ਹੁੰਦਾ ਹੈ ਕਿ ਸਾਧਾਰਨ ਲੋਕ ਚੇਤਨ ਮਨ ਹੀ ਵਰਤਦੇ ਹਨ ਜਦੋਂਕਿ ਮਹਾਂਪੁਰਸ਼ਾਂ ਦੀ ਅਵਚੇਤਨ ਸ਼ਕਤੀ ਵੀ ਬੜੀ ਬਲਵਾਨ ਹੁੰਦੀ ਹੈ। ਮਨੁੱਖ ਦੇ ਅੰਦਰ ਅਨੇਕਾਂ ਦਰਵਾਜ਼ੇ ਹਨ ਜਿਹੜੇ ਖੁੱਲ੍ਹਦੇ ਅਤੇ ਬੰਦ ਹੁੰਦੇ ਰਹਿੰਦੇ ਹਨ। ਅਵਚੇਤਨ ਦੇ ਨੇਮ ਵਿਸ਼ਵ-ਵਿਆਪੀ ਹਨ। ਇਨ੍ਹਾਂ ਨੇਮਾਂ ਨੂੰ ਸਮਝਣ ਦੀ ਲੋੜ ਹੈ। ਸਾਡੇ ਜੀਵਨ ਨੂੰ ਸਾਡੇ ਅਵਚੇਤਨ ਵਿੱਚ ਬੈਠੇ ਵਿਸ਼ਵਾਸ ਚਲਾਉਂਦੇ ਹਨ। ਸਾਡੀ ਸੋਚ ਅਤੇ ਸਾਡੇ ਤਰਕ ਵੀ ਸਾਡੇ ਵਿਸ਼ਵਾਸਾਂ ਦੇ ਸਿਰਜੇ ਹੁੰਦੇ ਹਨ। ਮਨ ਵਿੱਚ ਬੈਠੇ ਪੱਕੇ ਵਿਚਾਰਾਂ ਨੂੰ ਹੀ ਵਿਸ਼ਵਾਸ ਕਹਿੰਦੇ ਹਨ। ਮਹਾਨ ਸੋਚਾਂ ਅਤੇ ਅਨੁਭਵਾਂ ਨੇ ਮਨ ਦੀ ਸ਼ਕਤੀ ਉਸਾਰੀ ਹੈ। ਇਸ ਸ਼ਕਤੀ ਨਾਲ ਮਨ ਨੇ ਵਿਕਾਸ ਕੀਤਾ ਹੈ ਅਤੇ ਅਵਚੇਤਨ ਡੂੰਘਾ ਤੇ ਵਿਸ਼ਾਲ ਹੋਇਆ ਹੈ। ਸਾਨੂੰ ਸਰੀਰ ਦੀਆਂ ਅੱਖਾਂ ਵਰਤਣ ਦੀ ਜਾਚ ਅਤੇ ਆਦਤ ਹੈ। ਮਨ ਦੀਆਂ ਅੱਖਾਂ ਕੋਈ ਕੋਈ ਵਰਤਦਾ ਹੈ। ਮਨ ਦੀਆਂ ਅੱਖਾਂ ਕੁਝ ਹੋਰ ਹੀ ਵੇਖਦੀਆਂ ਹਨ। ਇਨ੍ਹਾਂ ਨੂੰ ਜੋ ਦਿਸਦਾ ਹੈ, ਉਹ ਸਾਧਾਰਨ ਨਹੀਂ, ਅਨੋਖਾ ਅਤੇ ਨਿਆਰਾ ਹੁੰਦਾ ਹੈ। ਅਵਚੇਤਨ ਦੇ ਪੱਖੋਂ ਮਨੁੱਖ ਦੋ ਪ੍ਰਕਾਰ ਦੇ ਹੁੰਦੇ ਹਨ: ਜਾਗੇ ਹੋਏ ਅਤੇ ਸੁੱਤੇ ਹੋਏ। ਸੁੱਤੇ ਹੋਏ ਡਰ-ਭੈਅ ਅਤੇ ਸੰਸਿਆਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਦੀਆਂ ਚਿੰਤਾਵਾਂ ਇਨ੍ਹਾਂ ਨੂੰ ਵਿਕਾਸ ਨਹੀਂ ਕਰਨ ਦਿੰਦੀਆਂ। ਜਾਗੇ ਹੋਏ ਵਿਅਕਤੀ ਚੁੰਬਕ ਵਾਂਗ ਹੁੰਦੇ ਹਨ। ਜਾਗੇ ਹੋਏ ਲੋਹੇ ਨੂੰ ਹੀ ਚੁੰਬਕ ਕਹਿੰਦੇ ਹਨ। ਚੁੰਬਕ ਆਪਣੇ ਭਾਰ ਨਾਲੋਂ ਬਾਰਾਂ ਗੁਣਾਂ ਵੱਧ ਭਾਰ ਚੁੱਕ ਅਤੇ ਖਿੱਚ ਸਕਦਾ ਹੈ ਜਦੋਂਕਿ ਲੋਹਾ, ਖੰਭ ਨੂੰ ਵੀ ਨਹੀਂ ਚੁੱਕ ਸਕਦਾ। ਜਦੋਂ ਅਵਚੇਤਨ ਜਾਗ ਪੈਂਦਾ ਹੈ ਤਾਂ ਵਿਗਿਆਨੀਆਂ ਨੂੰ ਫਾਰਮੂਲੇ ਅਤੇ ਚਿੰਤਕਾਂ ਨੂੰ ਸਿਧਾਂਤ ਸੁੱਝਦੇ ਹਨ, ਗੁਰੂਆਂ ਨੂੰ ਬਾਣੀ ਉਤਰਦੀ ਹੈ, ਰਿਸ਼ੀ ਵੇਦ ਰਚਦੇ ਹਨ, ਕਵੀ ਮਹਾਂ-ਕਾਵਿ ਲਿਖਦੇ ਹਨ; ਤੁਹਾਨੂੰ ਵੀ ਕਦੇ ਚਿਰਾਂ ਦੀ ਭੁੱਲੀ ਚੀਜ਼ ਅਚਾਨਕ ਯਾਦ ਆਈ ਹੋਵੇਗੀ, ਕਿਸੇ ਸਮੱਸਿਆ ਦਾ ਹੱਲ ਆਪਮੁਹਾਰੇ ਸੁੱਝਿਆ ਹੋਵੇਗਾ, ਮਨ ਨੇ ਹਾਮੀ ਭਰ ਦਿੱਤੀ ਹੋਵੇਗੀ ਕਿ ਸਫਲਤਾ ਮਿਲੇਗੀ, ਅੰਦਰੋਂ ਆਵਾਜ਼ ਆਈ ਹੋਵੇਗੀ ਕਿ ਸੱਚ ਬੋਲਣਾ ਹੈ। ਇਹ ਅਵਚੇਤਨ ਦੀਆਂ ਕਰਾਮਾਤਾਂ ਹਨ। ਜਿਹੜੇ ਪਰਮਾਤਮਾ ਦੇ ਦੀਦਾਰ ਹੋਣ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨੇ ਰੱਬ ਨੂੰ ਅਵਚੇਤਨ ਦੀਆਂ ਅੱਖਾਂ ਨਾਲ ਵੇਖਿਆ ਹੋਵੇਗਾ। ਅਵਚੇਤਨ ਦੀ ਸ਼ਕਤੀ ਵਰਤੋਗੇ ਤਾਂ ਸਹੀ ਉੱਤਰ ਮਿਲੇਗਾ। ਸਹੀ ਉੱਤਰ ਅਨੁਸਾਰ ਅਮਲ ਕਰਨਾ ਸੌਖਾ ਹੋਵੇਗਾ, ਸ਼ਕਤੀ ਵਿਅਰਥ ਨਹੀਂ ਜਾਵੇਗੀ, ਧਿਆਨ ਨਹੀਂ ਖਿੰਡੇਗਾ। ਇਹੀ ਕਾਰਨ ਹੈ ਕਿ ਕੁਝ ਲੋਕ ਆਪਣੇ ਨਿਸ਼ਾਨੇ ਸੌਖਿਆਂ ਹੀ ਪ੍ਰਾਪਤ ਕਰ ਲੈਂਦੇ ਹਨ ਅਤੇ ਕਈ ਮੁੜ ਮੁੜ ਅਸਫਲ ਹੁੰਦੇ ਰਹਿੰਦੇ ਹਨ। ਇੱਕ ਪੁੱਤਰ ਨੂੰ ਸ਼ਿਕਾਇਤ ਸੀ ਕਿ ਉਸ ਦੇ ਪਿਤਾ ਨੇ ਉਸ ਨੂੰ ਸਹੀ ਢੰਗ ਨਾਲ ਨਹੀਂ ਸਮਝਿਆ। ਇੱਕ ਦਿਨ ਅਚਾਨਕ ਉਸ ਨੂੰ ਖ਼ਿਆਲ ਆਇਆ ਕਿ ਮੈਂ ਹੀ ਆਪਣੇ ਪਿਤਾ ਨੂੰ ਸਹੀ ਢੰਗ ਨਾਲ ਨਹੀਂ ਸਮਝਿਆ।

ਜਦੋਂ ਮਨੁੱਖ ਕਹਿੰਦਾ ਹੈ ਕਿ ਉਸ ਦੀਆਂ ਅਰਦਾਸਾਂ ਨਹੀਂ ਮੰਨੀਆਂ ਗਈਆਂ ਤਾਂ ਉਹ ਕਦੇ ਨਹੀਂ ਸੋਚਦਾ ਕਿ ਉਸ ਦੀਆਂ ਅਰਦਾਸਾਂ ਗ਼ਲਤ ਅਤੇ ਨਾਵਾਜਬ ਸਨ। ਤਿੰਨ ਧੀਆਂ ਦੀ ਇੱਕ ਮਾਂ ਨੇ ਅਰਦਾਸ ਕੀਤੀ ਕਿ ਦਰਾਣੀ ਦੇ ਵੀ ਲੜਕੀ ਹੋਵੇ, ਲੜਕਾ ਹੋਇਆ। ਦੂਜੀ ਵਾਰ ਟੂਣੇ ਵੀ ਕਰਵਾਏ, ਫਿਰ ਲੜਕਾ ਹੋਇਆ। ਉਸ ਦੀ ਅਰਦਾਸ ਵਿੱਚ ਨੁਕਸ ਇਹ ਸੀ ਕਿ ਇਹ ਉਸ ਦੇ ਆਪਣੇ ਲਾਭ ਲਈ ਨਹੀਂ ਸੀ, ਕਿਸੇ ਦੇ ਨੁਕਸਾਨ ਲਈ ਸੀ। ਅਸੀਂ ਵੇਖਦੇ ਹਾਂ ਕਿ ਘੱਟ ਵਸੀਲਿਆਂ ਵਾਲਾ ਭਰਾ ਪ੍ਰਸੰਨ ਹੁੰਦਾ ਹੈ ਤੇ ਵਧੇਰੇ ਵਸੀਲਿਆਂ ਵਾਲਾ ਦੁਖੀ ਹੁੰਦਾ ਹੈ। ਕਿਸੇ ਦਾ ਪਹਿਲਾ ਹੀ ਵਿਆਹ ਸਫ਼ਲ ਹੁੰਦਾ ਹੈ। ਕਿਸੇ ਦੇ ਦੋ ਟੁੱਟ ਜਾਂਦੇ ਹਨ। ਦੂਜਿਆਂ ਦਾ ਨੁਕਸਾਨ ਚਾਹੁਣ ਵਾਲਾ ਮੁਸ਼ਕਿਲ ਵਿੱਚ ਘਿਰਿਆ ਹੁੰਦਾ ਹੈ। ਉਹ ਸਹੀ ਢੰਗ ਨਾਲ ਸੋਚ ਨਹੀਂ ਸਕਦਾ। ਉਸ ਦੀ ਸਮਝਣ, ਸੋਚਣ ਅਤੇ ਕਰਨ ਦੀ ਸ਼ਕਤੀ ਖੀਣ ਹੋ ਜਾਂਦੀ ਹੈ। ਉਹ ਆਪਣੀ ਅੰਦਰਲੀ ਸ਼ਕਤੀ ਨੂੰ ਜਾਗਣ ਹੀ ਨਹੀਂ ਦਿੰਦਾ। ਉਹ ਆਪਣੇ ਮਨ ਦੀ ਆਵਾਜ਼ ਸੁਣਦਾ ਹੀ ਨਹੀਂ ਜਦੋਂਕਿ ਮਨ ਵਿੱਚ ਬੁੱਧੀ ਅਤੇ ਸਿਆਣਪ ਹਾਜ਼ਰ ਹੁੰਦੀ ਹੈ। ਸਾਡੇ ਪੂਰਵਜਾਂ ਦੀਆਂ ਸਾਰੀਆਂ ਯਾਦਾਂ, ਸਿਆਣਪਾਂ ਅਤੇ ਅਨੁਭਵ ਸਾਡੇ ਅਵਚੇਤਨ ਵਿੱਚ ਹਾਜ਼ਰ ਹੁੰਦੇ ਹਨ। ਅਵਚੇਤਨ ਦਿੱਸਦਾ ਨਹੀਂ ਜਿਸ ਕਾਰਨ ਅਸੀਂ ਇਸ ਦਾ ਮਹੱਤਵ ਹੀ ਨਹੀਂ ਸਮਝਦੇ। ਇਸ ਲਈ ਇਸ ਨੂੰ ਸਮਝਣਾ-ਸਮਝਾਉਣਾ ਸੌਖਾ ਨਹੀਂ ਹੁੰਦਾ। ਆਪਣਾ ਅਵਚੇਤਨ ਨਾ ਵਰਤਣ ਦੀ ਸਾਡੀ ਆਦਤ ਇੰਨੀ ਪੱਕੀ ਹੋ ਜਾਂਦੀ ਹੈ ਕਿ ਬਹੁਤੇ ਇਸ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦੇ ਹਨ। ਅਵਚੇਤਨ ਦੀ ਜਿਹੜੀ ਸ਼ਕਤੀ ਜਗਾਉਗੇ, ਉਹ ਜਾਗੇਗੀ। ਨਾਚ ਨ੍ਰਿਤਕੀ ਦੇ ਅੰਦਰ ਹੁੰਦਾ ਹੈ ਜਿਸ ਨੂੰ ਅਵਚੇਤਨ ਉਸ ਦੇ ਅੰਗਾਂ ਰਾਹੀਂ ਪ੍ਰਗਟ ਕਰਦਾ ਹੈ। ਮੂਰਤੀਕਾਰ ਆਪਣੇ ਅਵਚੇਤਨ ਨਾਲ ਪੱਥਰ ਵਿੱਚੋਂ ਮੂਰਤੀ ਵੇਖ ਲੈਂਦਾ ਹੈ, ਉਹ ਵਾਧੂ ਪੱਥਰ ਲਾਹ ਦਿੰਦਾ ਹੈ ਅਤੇ ਮੂਰਤੀ ਸਾਕਾਰ ਹੋ ਜਾਂਦੀ ਹੈ।

ਅਵਚੇਤਨ ਨੂੰ ਕਿਵੇਂ ਜਗਾਇਆ ਜਾ ਸਕਦਾ ਹੈ? ਅਵਚੇਤਨ ਦੀ ਸ਼ਕਤੀ ਕਿਵੇਂ ਉਪਜਦੀ ਹੈ? ਅਵਚੇਤਨ ਨੂੰ ਹਰ ਕੋਈ ਵਰਤ ਸਕਦਾ ਹੈ। ਦਿਨ ਦਾ ਕੁਝ ਭਾਗ ਇਕੱਲਿਆਂ ਗੁਜ਼ਾਰੋ। ਇਕੱਲਿਆਂ ਸੈਰ ਕਰੋ। ਦਰੱਖਤ ਥੱਲੇ ਇਕੱਲਿਆਂ ਬੈਠੋ। ਆਪਣਾ ਵੱਖਰਾ ਨਿਤਨੇਮ ਬਣਾਓ ਜਿਹੜਾ ਤੁਹਾਡਾ ਨਿਤਨੇਮ ਹੋਵੇ ਤੇ ਕਿਸੇ ਦਾ ਦਖ਼ਲ ਨਾ ਹੋਵੇ। ਆਪਣਾ ਕੰਮ ਮੁਕਤ ਮਨ ਨਾਲ ਕੀਤਾ ਜਾ ਸਕਦਾ ਹੈ। ਚਿੰਤਕਾਂ, ਕਵੀਆਂ, ਕਲਾਕਾਰਾਂ ਨੂੰ ਇਸੇ ਕਰਕੇ ਇਕਾਂਤ ਜੀਵਨ ਜਿਊਣ ਦੀ ਆਦਤ ਹੁੰਦੀ ਹੈ। ਅਸੀਂ ਬਹੁਤਾ ਜੀਵਨ ਭੀੜ ਅਤੇ ਸ਼ੋਰ-ਸ਼ਰਾਬੇ ਵਿੱਚ ਗੁਜ਼ਾਰਨ ਕਰਕੇ ਆਪਣੇ ਅਵਚੇਤਨ ਨੂੰ ਕੁਚਲਦੇ ਰਹਿੰਦੇ ਹਾਂ। ਜੇ ਕੰਮ ਔਖਾ ਹੋਵੇ, ਸ਼ਾਂਤ ਮਨ ਨਾਲ ਕਰੋ, ਸੌਖਾ ਹੋ ਜਾਵੇਗਾ। ਆਪਣੀਆਂ ਸਮੱਸਿਆਵਾਂ ਅਵਚੇਤਨ ਨੂੰ ਸੰਭਾਲ ਦਿਓ। ਕਵੀ ਨੂੰ ਕਵਿਤਾ ਦਾ ਸਿਰਲੇਖ ਨਹੀਂ ਸੁੱਝ ਰਿਹਾ, ਅਵਚੇਤਨ ਸੁਝਾ ਦੇਵੇਗਾ। ਬਹੁਤੀਆਂ ਕਾਢਾਂ ਅਵਚੇਤਨ ਦੀਆਂ ਸੁਝਾਈਆਂ ਹੁੰਦੀਆਂ ਹਨ। ਅਵਚੇਤਨ ਦੀ ਸ਼ਕਤੀ ਜਾਗਣ ਨਾਲ ਸਵੈ-ਵਿਸ਼ਵਾਸ ਵਧ ਜਾਵੇਗਾ, ਸਿਹਤ ਠੀਕ ਹੋ ਜਾਵੇਗੀ, ਟੁੱਟਿਆ ਦਿਲ ਕਵੀ ਹੋ ਨਿਬੜੇਗਾ। ਇੱਕ ਲੜਕੇ ਨੂੰ ਸਕੂਲ ਨਾਲ ਨਫ਼ਰਤ ਸੀ, ਲੱਤ ਟੁੱਟ ਗਈ, ਸਕੂਲ ਜਾਣ ਤੋਂ ਬਚਣ ਵਾਸਤੇ ਤੋੜ ਲਈ। ਉਸ ਨੂੰ ਘਰ ਰਹਿਣਾ ਪਿਆ। ਉਹ ਆਪਣੇ ਕਮਰੇ ਦੀ ਬਾਰੀ ਵਿੱਚੋਂ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਖ਼ੁਸ਼ੀ-ਖ਼ੁਸ਼ੀ ਲੰਘਦਿਆਂ ਵੇਖਦਾ ਸੀ। ਜਿਹੜਾ ਸਕੂਲ, ਜਿਹੜੀ ਪੜ੍ਹਾਈ ਚੰਗੀ ਨਹੀਂ ਸੀ ਲੱਗਦੀ, ਚੰਗੀ ਲੱਗਣ ਲੱਗ ਪਈ, ਸਕੂਲ ਜਾਣ ਦੀ ਤਾਂਘ ਜਾਗੀ, ਸਕੂਲ ਪ੍ਰਤੀ ਵਿਰੋਧ ਮੁੱਕ ਗਿਆ, ਉਹ ਜਲਦੀ ਠੀਕ ਹੋ ਗਿਆ। ਉਹ ਚੇਤਨ ਨਾਲ ਜ਼ਿੱਦ ਕਰਕੇ ਪੜ੍ਹਾਈ ਦਾ ਵਿਰੋਧ ਕਰਦਾ ਸੀ। ਅਵਚੇਤਨ ਨੇ ਜ਼ਿੱਦ ਤੋੜ ਦਿੱਤੀ, ਰੁਕਿਆ ਹੋਇਆ ਦਰਿਆ ਵਗਣ ਲੱਗ ਪਿਆ। ਅਵਚੇਤਨ ਵਿੱਚ ਹਰੇਕ ਸਮੱਸਿਆ ਦਾ ਹੱਲ ਹਾਜ਼ਰ ਹੁੰਦਾ ਹੈ।

ਘਟਨਾ ਇੱਕ ਹੀ ਹੁੰਦੀ ਹੈ, ਪਰ ਹਰ ਕਿਸੇ ਦਾ ਪ੍ਰਤੀਕਰਮ ਵੱਖਰਾ ਹੁੰਦਾ ਹੈ। ਵਖਰੇਵੇਂ ਦੇ ਕਾਰਨ ਸਾਡੇ ਅਵਚੇਤਨ ਵਿੱਚ ਪਏ ਹਨ। ਇਸਤਰੀ ਹੋਰ ਤਰ੍ਹਾਂ ਸੋਚਦੀ ਹੈ, ਪੁਰਸ਼ ਹੋਰ ਤਰ੍ਹਾਂ। ਗ਼ਰੀਬ ਅਤੇ ਅਮੀਰ ਦੀ ਵੱਖਰੀ ਸੋਚ ਦਾ ਕਾਰਨ ਉਨ੍ਹਾਂ ਦੀ ਆਰਥਿਕ ਨਾਬਰਾਬਰੀ ਹੁੰਦੀ ਹੈ। ਜੋ ਕੁਝ ਅਵਚੇਤਨ ਵਿੱਚ ਬੀਜਿਆ ਗਿਆ ਹੁੰਦਾ ਹੈ, ਉਹ ਚੇਤਨ ਵਿੱਚ ਪ੍ਰਗਟ ਹੁੰਦਾ ਹੈ। ਸਾਡੇ ਸਰੀਰ ਅਤੇ ਜੀਵਨ ਦੀ ਹਰੇਕ ਹਾਲਤ ਕਿਸੇ ਕਾਰਜ ਜਾਂ ਵਿਚਾਰ ਦਾ ਪ੍ਰਤੀਕਰਮ ਹੁੰਦੀ ਹੈ। ਸਾਹ ਲੈਣ, ਭੋਜਨ ਹਜ਼ਮ ਕਰਨ, ਖ਼ੂਨ ਦਾ ਦੌਰਾ ਸਹੀ ਬਣਾਈ ਰੱਖਣ ਆਦਿ ਕਾਰਜ ਸਾਡਾ ਅਵਚੇਤਨ ਕਰਦਾ ਹੈ। ਇਨ੍ਹਾਂ ਕਾਰਜਾਂ ਵਿੱਚ ਸਾਡੇ ਦਿਮਾਗ਼ ਦਾ ਕੋਈ ਦਖਲ ਨਹੀਂ ਹੁੰਦਾ। ਅਵਚੇਤਨ ਸਾਡੀ ਸੋਚ-ਪ੍ਰਕਿਰਿਆ ਨੂੰ ਚੰਗੀ-ਮਾੜੀ ਨਹੀਂ ਦੱਸਦਾ। ਇਹ ਸਾਡੀ ਸੋਚ ਦੇ ਸੁਭਾਅ ਅਨੁਸਾਰ ਹੱਲ ਦਸਦਾ ਹੈ। ਤੁਸੀਂ ਕੋਈ ਕੰਮ ਨਹੀਂ ਕਰਨਾ ਚਾਹੁੰਦੇ, ਅਵਚੇਤਨ ਨਾ ਕਰਨ ਦੇ ਤਰਕ ਉਸਾਰ ਦੇਵੇਗਾ। ਜੇ ਤੁਸੀਂ ਕਿਧਰੇ ਜਾਣਾ ਚਾਹੁੰਦੇ ਹੋ ਤਾਂ ਅਵਚੇਤਨ ਜਾਣ ਦੀਆਂ ਦਲੀਲਾਂ ਉਪਜਾ ਦੇਵੇਗਾ। ਸੋਚਣ ਦਾ ਕਾਰਜ ਮਨ ਕਰਦਾ ਹੈ ਜਦੋਂਕਿ ਸਮੱਸਿਆਵਾਂ ਸੁਲਝਾਉਣ ਦਾ ਕਾਰਜ ਅਵਚੇਤਨ ਕਰਦਾ ਹੈ। ਜਦੋਂ ਤੁਸੀਂ ਕੋਈ ਉੱਚਾ ਪਹਾੜ, ਇਮਾਰਤ, ਦਰਬਾਰ ਸਾਹਿਬ, ਤਾਜ ਮਹੱਲ ਜਾਂ ਨਿਆਗਰਾ ਫਾਲਜ਼ ਵੇਖੋਗੇ, ਅਵਚੇਤਨ ਇਨ੍ਹਾਂ ਦੇ ਪ੍ਰਭਾਵ ਹਮੇਸ਼ਾਂ ਲਈ ਸਾਂਭ ਲਏਗਾ ਅਤੇ ਲੋੜ ਵੇਲੇ ਪ੍ਰਗਟਾਏਗਾ। ਅਵਚੇਤਨ ਸਿਆਣਪ ਅਤੇ ਅਨੁਭਵਾਂ ਦਾ ਭੰਡਾਰ ਹੈ। ਇਸੇ ਲਈ ਇਸ ਨੂੰ ਆਤਮਾ ਵੀ ਕਹਿੰਦੇ ਹਨ। ਇਹ ਬਹਿਸ ਨਹੀਂ ਕਰਦਾ, ਮੁਸ਼ਕਿਲਾਂ ਨਹੀਂ ਸਿਰਜਦਾ। ਇਹ ਜੀਵਨ-ਸ਼ਕਤੀ ਹੈ ਜਿਹੜੀ ਸਾਡੇ ਸਰੀਰ ਦੀਆਂ ਕਿਰਿਆਵਾਂ ਨੂੰ ਨਿਰਵਿਘਨ ਚਲਾਉਂਦੀ ਹੈ ਅਤੇ ਰੁਕਾਵਟਾਂ ਦੂਰ ਕਰਦੀ ਹੈ। ਸਮਝਿਆ ਜਾਂਦਾ ਹੈ ਕਿ ਨੀਂਦਰ ਨਾਲ ਥਕਾਵਟ ਦੂਰ ਹੁੰਦੀ ਹੈ, ਪਰ ਜਦੋਂ ਅਸੀਂ ਸੁੱਤੇ ਹੁੰਦੇ ਹਾਂ ਤਾਂ ਦਿਲ ਧੜਕਦਾ ਰਹਿੰਦਾ ਹੈ, ਫੇਫੜੇ ਨਿਰੰਤਰ ਕਾਰਜ ਕਰਦੇ ਰਹਿੰਦੇ ਹਨ, ਮਿਹਦਾ ਭੋਜਨ ਹਜ਼ਮ ਕਰਦਾ ਰਹਿੰਦਾ ਹੈ, ਦਿਮਾਗ਼ ਕਾਰਜਸ਼ੀਲ ਰਹਿੰਦਾ ਹੈ, ਨਹੁੰ ਅਤੇ ਵਾਲ ਵਧਦੇ ਰਹਿੰਦੇ ਹਨ ਅਤੇ ਅੱਖਾਂ, ਨੱਕ, ਕੰਨ ਆਦਿ ਕਾਰਜ ਕਰਦੇ ਰਹਿੰਦੇ ਹਨ। ਸੌਣ ਦੌਰਾਨ ਕਈ ਸੁੱਤੀਆਂ ਹੋਈਆਂ ਗ੍ਰੰਥੀਆਂ ਜਾਗ ਕੇ ਰਿਸਣ ਲੱਗ ਪੈਂਦੀਆਂ ਹਨ। ਇਹ ਰਾਤ ਦੇ ਹਨੇਰੇ ਵਿੱਚ ਲੇਟਿਆਂ ਹੀ ਰਿਸਦੀਆਂ ਹਨ ਜਿਸ ਕਾਰਨ ਅਸੀਂ ਆਰਾਮ ਮਹਿਸੂਸ ਕਰਦੇ ਹਾਂ। ਨੀਂਦਰ ਦੌਰਾਨ ਅਵਚੇਤਨ, ਚੇਤਨ ਮਨ ਦੇ ਅੱਗੇ ਹੋ ਜਾਂਦਾ ਹੈ ਜਦੋਂਕਿ ਜਾਗਦਿਆਂ ਇਹ ਚੇਤਨ ਮਨ ਦੇ ਪਿੱਛੇ ਰਹਿੰਦਾ ਹੈ। ਸੁਪਨਿਆਂ ਵਿੱਚ ਅਵਚੇਤਨ ਪੂਰੀ ਤਰ੍ਹਾਂ ਕਾਰਜਸ਼ੀਲ ਰਹਿੰਦਾ ਹੈ। ਸੁਪਨੇ ਸਾਡੀ ਥਕਾਵਟ ਲਾਹੁੰਦੇ ਹਨ। ਇਹ ਡਰ ਦੂਰ ਕਰਦੇ ਹਨ। ਆਸ ਬਣਾਈ ਰੱਖਦੇ ਹਨ। ਸੁਪਨਿਆਂ ਨਾਲ ਜੀਵਨ ਦਾ ਸੰਤੁਲਨ ਬਣਿਆ ਰਹਿੰਦਾ ਹੈ। ਸਾਡਾ ਅਵਚੇਤਨ ਦੱਸ ਦਿੰਦਾ ਹੈ ਕਿ ਕੋਈ ਸਮੱਸਿਆ ਕਿਵੇਂ ਹੱਲ ਹੋਵੇਗੀ। ਇਹ ਵਿਛੜਿਆਂ ਨੂੰ ਮਿਲਾ ਦਿੰਦਾ ਹੈ।

ਇੱਕ ਵਿਅਕਤੀ ਨੂੰ ਅਧਰੰਗ ਹੋਇਆ ਸੀ। ਉਸ ਨੂੰ ਸੁਪਨੇ ਵਿੱਚ ਦਿਸਿਆ ਕਿ ਉਹ ਟੈਲੀਫੋਨ ਸੁਣ ਰਿਹਾ ਹੈ, ਚਿੱਠੀ ਲਿਖ ਰਿਹਾ ਹੈ, ਭੋਜਨ ਖਾ ਰਿਹਾ ਹੈ। ਉਸ ਨੇ ਫ਼ੈਸਲਾ ਕੀਤਾ ਕਿ ਟੈਲੀਫੋਨ ਆਪ ਉੱਠ ਕੇ ਸੁਣਨਾ ਹੈ, ਆਪਣੇ ਕੱਪੜੇ ਆਪ ਪਾਉਣੇ ਹਨ, ਉਸ ਨੇ ਆਪਣੇ-ਆਪ ਨੂੰ ਤੰਦਰੁਸਤ ਸਮਝਣਾ ਆਰੰਭ ਕੀਤਾ ਅਤੇ ਇੱਕ ਸਾਲ ਵਿੱਚ ਪੂਰੀ ਤਰ੍ਹਾਂ ਤੰਦਰੁਸਤ ਹੋ ਗਿਆ। ਮਾਨਸਿਕ ਰੁਕਾਵਟ ਕੁਝ ਕਰਨ ਨਹੀਂ ਦਿੰਦੀ। ਰੁਕਾਵਟ ਦੂਰ ਹੋ ਗਈ ਅਤੇ ਸਭ ਕੁਝ ਕਰਨਾ ਸੰਭਵ ਹੋ ਗਿਆ। ਇੱਕ ਸਕੂਲ ਵਿੱਚ ਲਾਤੀਨੀ ਭਾਸ਼ਾ ਪੜ੍ਹਨੀ ਲਾਜ਼ਮੀ ਸੀ। ਪੁੱਤਰ ਨੇ ਪਿਤਾ ਨੂੰ ਕਿਹਾ, "ਔਖੀ ਹੈ, ਨਹੀਂ ਪੜ੍ਹਨੀ।" ਪਿਤਾ ਨੇ ਕਿਹਾ, "ਫਿਰ ਤੂੰ ਮੇਰੇ ਨਾਲ ਖੇਤ ਚੱਲਿਆ ਕਰ।" ਉਹ ਖੇਤ ਜਾਣ ਲੱਗਿਆ। ਚਿੱਕੜ ਨਾਲ ਲੱਥ-ਪੱਥ ਹੋ ਕੇ ਮੁੜਦਾ ਸੀ। ਫਿਰ ਅਚਾਨਕ ਖ਼ਿਆਲ ਆਇਆ ਕਿ ਲਾਤੀਨੀ ਔਖੀ ਕਿਵੇਂ ਹੈ। ਸੋ ਸੌਖੀ ਹੋ ਗਈ। ਸੌਖੀ ਤਾਂ ਪਹਿਲਾਂ ਹੀ ਸੀ। ਉਸ ਨੇ ਔਖੀ ਬਣਾਈ ਹੋਈ ਸੀ। ਵਿਦਿਆਰਥੀਆਂ ਨੂੰ ਜਿਹੜੇ ਵਿਸ਼ੇ ਔਖੇ ਲੱਗਦੇ ਹਨ, ਉਹ ਉਨ੍ਹਾਂ ਵਿਸ਼ਿਆਂ ਨੂੰ ਵੇਖਦੇ ਹੀ ਓਵੇਂ ਹਨ ਕਿ ਔਖੇ ਲੱਗਣ। ਅਚਾਨਕ ਅਵਚੇਤਨ ਉਸ ਵਿਸ਼ੇ ਦੀ ਘੁੰਡੀ ਖੋਲ੍ਹ ਦਿੰਦਾ ਹੈ ਜਿਸ ਕਾਰਨ ਉਹ ਵਿਸ਼ਾ ਔਖਾ ਲੱਗਦਾ ਸੀ। ਅੰਧ-ਵਿਸ਼ਵਾਸਾਂ, ਝਾੜਿਆਂ ਅਤੇ ਤਵੀਤਾਂ ਵਿੱਚ ਵੀ ਸ਼ਕਤੀ ਹੁੰਦੀ ਹੈ। ਦਰਅਸਲ, ਮਰੀਜ਼ ਜਾਂ ਸ਼ਰਧਾਲੂ ਨੂੰ ਅਵਚੇਤਨ ਆਦੇਸ਼ ਦਿੰਦਾ ਹੈ ਕਿ ਹੁਣ ਠੀਕ ਹੋਣਾ ਹੈ। ਕਿਸੇ ਸਰੋਵਰ ਵਿੱਚ ਨਹਾਉਣ ਜਾਂ ਕਿਸੇ ਸਥਾਨ 'ਤੇ ਅਰਦਾਸ ਕਰਨ ਨਾਲ ਕੋਈ ਠੀਕ ਨਹੀਂ ਹੁੰਦਾ। ਇਸ ਵਿਸ਼ਵਾਸ ਨਾਲ ਠੀਕ ਹੁੰਦਾ ਹੈ ਕਿ ਹੁਣ ਬਿਮਾਰ ਨਹੀਂ ਰਹਿਣਾ। ਧੀ ਦਾ ਵਿਆਹ ਹੈ, ਹੁਣ ਠੀਕ ਹੋਣਾ ਹੈ। ਮਨੁੱਖ ਦੀ ਸਾਰੀ ਨਿਰਾਸਤਾ, ਅਸੰਤੁਸ਼ਟੀ ਆਦਿ ਚੇਤਨ ਪੱਧਰ ਦੀਆਂ ਅਪੂਰਨ ਇੱਛਾਵਾਂ ਕਾਰਨ ਹੁੰਦੀ ਹੈ। ਅਸੀਂ ਸਾੜੇ, ਈਰਖਾ, ਗੁੱਸੇ ਅਤੇ ਨਿੰਦਾ ਨਾਲ ਆਪਣੇ ਆਪ ਨੂੰ ਜ਼ਖ਼ਮੀ ਕਰਦੇ ਰਹਿੰਦੇ ਹਾਂ। ਬਦਲੇ ਦੀ ਭਾਵਨਾ ਕਾਰਨ ਅਸੀਂ ਆਪਣੇ ਜ਼ਖ਼ਮਾਂ ਨੂੰ ਠੀਕ ਨਹੀਂ ਹੋਣ ਦਿੰਦੇ। ਚਮੜੀ ਅਤੇ ਮਿਹਦੇ ਦੀਆਂ ਬਹੁਤੀਆਂ ਬਿਮਾਰੀਆਂ ਸਾਡੇ ਮਨ ਵਿਚਲੇ ਵਿਰੋਧੀ ਵਿਚਾਰਾਂ ਕਾਰਨ ਉਪਜਦੀਆਂ ਹਨ। ਜੇ ਨਾੜਾਂ ਵਿੱਚ ਲਹੂ ਦੀ ਥਾਂ ਤੇਜ਼ਾਬ ਹੈ ਤਾਂ ਇਹ ਸਾਡੇ ਅੰਦਰਲੇ ਨੂੰ ਸਾੜੇਗਾ। ਤਲਾਕ ਪਹਿਲਾਂ ਮਨ ਵਿੱਚ ਵਾਪਰਦਾ ਹੈ, ਮੁਕੱਦਮਾ ਮਗਰੋਂ ਚਲਾਇਆ ਜਾਂਦਾ ਹੈ। ਤਲਾਕ ਉਨ੍ਹਾਂ ਵਿਆਹਾਂ ਵਿੱਚ ਹੀ ਹੁੰਦੇ ਹਨ, ਜਿੱਥੇ ਵਿਆਹ ਹੀ ਗ਼ਲਤ ਹੋਏ ਹੁੰਦੇ ਹਨ। ਤਲਾਕ ਨੂੰ ਰੋਕਣ ਦਾ ਸਹੀ ਸਮਾਂ ਵਿਆਹ ਤੋਂ ਪਹਿਲਾਂ ਹੁੰਦਾ ਹੈ। ਪ੍ਰੇਸ਼ਾਨੀਆਂ ਤੋੜ-ਵਿਛੋੜੇ ਆਦਿ ਮਨ ਅਤੇ ਅਵਚੇਤਨ ਦੀ ਕਾਰਜਸ਼ੈਲੀ ਨਾ ਸਮਝਣ ਕਾਰਨ ਉਪਜਦੇ ਹਨ। ਬਹੁਤੇ ਵਿਆਹ ਖੋਹਣ-ਲੁੱਟਣ ਦੀ ਭਾਵਨਾ 'ਤੇ ਆਧਾਰਿਤ ਹੋਣ ਕਾਰਨ ਕੁਰਬਾਨੀ ਅਤੇ ਤਿਆਗ ਜਿਹੇ ਰੂਹਾਨੀ ਲੱਛਣਾਂ ਤੋਂ ਵਿਰਵੇ ਹੁੰਦੇ ਹਨ। ਦਿਲ ਪਿਆਰ ਕਰਨਾ ਹੀ ਜਾਣਦਾ ਹੈ, ਨਫ਼ਰਤ ਦਿਮਾਗ਼ ਨਾਲ ਕੀਤੀ ਜਾਂਦੀ ਹੈ। ਭਰਮਾਂ ਅਤੇ ਭੁਲੇਖਿਆਂ ਦਾ ਸਰੋਤ ਸਾਡੀ ਹਉਮੈ ਹੁੰਦੀ ਹੈ। ਮਨੁੱਖ ਨੂੰ ਕਾਬੂ ਕਰਨ ਲਈ ਧਰਮ, ਸਮਾਜ, ਅਧਿਆਪਕ, ਪੁਲੀਸ, ਅਦਾਲਤਾਂ, ਕਾਨੂੰਨ, ਹਸਪਤਾਲ ਆਦਿ ਮਨੁੱਖ ਨੂੰ ਡਰਾ ਕੇ ਨਿਤਾਣਾ ਕਰਦੇ ਹਨ। ਇਹ ਨਿਤਾਣਾਪਣ ਹੀ ਸਾਨੂੰ ਅਸਾਵੇਂ ਸਮਝੌਤੇ, ਆਪਣੀ ਮਰਜ਼ੀ ਵਿਰੁੱਧ ਕਾਰਜ ਅਤੇ ਗੈਰਵਾਜਬ ਵਿਹਾਰ ਕਰਨ ਲਈ ਮਜਬੂਰ ਕਰਦਾ ਹੈ। ਸਾਨੂੰ ਲੋੜ ਉਨ੍ਹਾਂ ਅਦਾਰਿਆਂ ਦੀ ਹੈ ਜਿਹੜੇ ਸਾਡੇ ਵਿੱਚ ਸਵੈ-ਵਿਸ਼ਵਾਸ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਜਗਾਉਣ।

ਪਾਦਰੀਆਂ, ਪੰਡਿਤਾਂ, ਭਾਈਆਂ ਕੋਲ ਰੋਗੀਆਂ ਨੂੰ ਅਰੋਗ ਕਰਨ ਦੀ ਸ਼ਕਤੀ ਦੱਸੀ ਜਾਂਦੀ ਹੈ। ਅਸਲ ਵਿੱਚ ਪਾਦਰੀ ਜਾਂ ਭਾਈ, ਅਰੋਗ ਹੋਣ ਦਾ ਵਿਸ਼ਵਾਸ ਜਗਾਉਂਦੇ ਹਨ। ਇੱਕ ਇਸਤਰੀ ਦੀ ਆਵਾਜ਼ ਗੁਆਚ ਗਈ। ਗੁਰਦੁਆਰੇ ਦੇ ਭਾਈ ਨੇ ਕਿਹਾ ਕਿ ਕੀਰਤਨ ਸੁਣਿਆ ਕਰੋ। ਉਹ ਕੀਰਤਨ ਸੁਣਨ ਦੌਰਾਨ ਗਾਉਣ ਲੱਗ ਪਈ। ਫਿਰ ਕੀਰਤਨ ਕਰਨ ਲੱਗ ਪਈ। ਇੱਕ ਵਿਅਕਤੀ ਨੂੰ ਭੁੱਖ ਨਾ ਲੱਗਣ ਕਾਰਨ ਉਹ ਕਮਜ਼ੋਰ ਹੋ ਗਿਆ। ਪੰਡਿਤ ਨੇ ਕਿਹਾ ਕਿ ਓਮ ਦਾ ਜਾਪ ਕਰਿਆ ਕਰੋ। ਉਹ ਘੰਟਿਆਂਬੱਧੀ ਓਮ ਜਪਣ ਲੱਗ ਪਿਆ। ਥਕਾਵਟ ਨਾਲ ਭੁੱਖ ਲੱਗਣ ਪਈ ਅਤੇ ਨੀਂਦਰ ਵੀ ਆਉਣ ਲੱਗ ਪਈ। ਨੀਂਦਰ ਸਲਾਹਕਾਰ ਦਾ ਕਾਰਜ ਕਰਦੀ ਹੈ। ਨੀਂਦਰ ਦੌਰਾਨ ਬਾਹਰਲੇ ਦਖ਼ਲ ਰੁਕ ਜਾਂਦੇ ਹਨ ਅਤੇ ਅਵਚੇਤਨ ਦਾ ਪੱਧਰ ਉੱਚਾ ਹੋ ਜਾਂਦਾ ਹੈ। ਨੀਂਦਰ ਦੌਰਾਨ ਸਾਡਾ ਅਵਚੇਤਨ, ਚੇਤਨ ਮਨ ਵਿਚਲੀਆਂ ਸਮੱਸਿਆਵਾਂ ਦੇ ਹੱਲ ਲੱਭਦਾ ਹੈ। ਰੇਡੀਓ 'ਤੇ ਕਾਰਜ ਕਰਦੇ ਇੱਕ ਵਿਅਕਤੀ ਨੂੰ ਤਿੰਨ ਹਜ਼ਾਰ ਮੀਲ ਦੂਰ ਦੁੱਗਣੀ ਤਨਖ਼ਾਹ ਦੀ ਪੇਸ਼ਕਸ਼ ਮਿਲੀ। ਉਹ ਜਾਣ, ਨਾ ਜਾਣ ਦੀ ਦੁਚਿੱਤੀ ਵਿੱਚ ਸੀ। ਸੋਚਦਾ ਸੌਂ ਗਿਆ। ਸਵੇਰੇ ਮਨ ਨੇ ਨਾ ਜਾਣ ਦਾ ਫ਼ੈਸਲਾ ਸੁਣਾ ਦਿੱਤਾ। ਉਸ ਨੇ ਪੇਸ਼ਕਸ਼ ਨੂੰ ਅਸਵੀਕਾਰ ਕਰ ਦਿੱਤਾ। ਦੋ ਮਹੀਨੇ ਮਗਰੋਂ ਉਹ ਰੇਡੀਓ ਸਟੇਸ਼ਨ ਹੀ ਬੰਦ ਹੋ ਗਿਆ। ਇੱਕ ਇਸਤਰੀ ਦੋ ਸਾਲ ਤੋਂ ਬੱਚਿਆਂ ਨਾਲ ਆਪਣੇ ਮਾਪਿਆਂ ਦੇ ਘਰ ਰਹਿ ਰਹੀ ਸੀ। ਇੱਕ ਸਵੇਰ ਨੂੰ ਪਤੀ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਪਤਨੀ ਨਾਲ ਸਾਰੀਆਂ ਵਧੀਕੀਆਂ ਉਸ ਨੇ ਹੀ ਕੀਤੀਆਂ ਹਨ। ਮਨ ਪਿਘਲ ਅਵਚੇਤਨ ਨੇ ਸੋਚ ਬਦਲ ਦਿੱਤੀ। ਉਸ ਨੇ ਸਹੁਰਿਆਂ ਤੋਂ ਮੁਆਫ਼ੀ ਮੰਗੀ। ਪਤਨੀ ਅਤੇ ਬੱਚਿਆਂ ਨੂੰ ਵਾਪਸ ਲੈ ਆਇਆ। ਉਖੜਿਆ ਹੋਇਆ ਮਨ ਅਤੇ ਜੀਵਨ ਮੁੜ ਲੀਹ 'ਤੇ ਪੈ ਗਿਆ। ਬਾਹਰਲੇ ਸੰਸਾਰ ਨੂੰ ਬਦਲਣ ਲਈ ਅੰਦਰਲੇ ਮਨ ਨੂੰ ਸੁਣਨਾ ਪਵੇਗਾ।

# ਫ਼ਿਕਰ ਤੋਂ ਫ਼ਖ਼ਰ ਤਕ ਦੀ ਯਾਤਰਾ

> **"ਫ਼ਿਕਰ ਦੀਏ ਪੰਡੇ ! ਐਵੇਂ ਨਾ ਸਿਰੇ ਦੀਆਂ ਸੋਚ ਲਿਆ ਕਰ। ਰਾਹ 'ਚ ਕਿਸੇ ਦੋਸਤ ਦੇ ਰੁਕ ਗਿਆ ਹੋਊ," ਬਲਦੇਵ ਨੇ ਆਪਣੇ ਚਿੰਤਾਵਾਨ ਚਿਹਰੇ 'ਤੇ ਨਕਾਬ ਪਾਉਂਦਿਆਂ ਦਿਲਾਸਾ ਦਿੱਤਾ। "ਪਰ ਹੁਣ ਤਾਂ ਗਏ ਨੂੰ ਅੱਠ ਘੰਟੇ ਹੋ ਗਏ, ਹੁਣ ਤਕ ਤਾਂ ਪਹੁੰਚਣਾ ਚਾਹੀਦਾ ਸੀ।" "ਵਾਹਿਗੁਰੂ 'ਤੇ ਭਰੋਸਾ ਰੱਖ, ਕੁਝ ਨਹੀਂ ਹੁੰਦਾ ਤੇਰੇ ਪੁੱਤ ਨੂੰ, "ਪਰ ਬੋਲ ਉਹਦੇ ਵੀ ਭਰੜਾਏ ਹੋਏ ਸਨ।**

ਉਨੀਵੇਂ ਵਰ੍ਹੇ ਵਿੱਚ ਪੱਬ ਧਰਦਿਆਂ ਹੀ ਬੇਟੇ ਨੇ ਨਵਾਂ ਕਾਈਨੈਟਿਕ ਹੌਂਡਾ ਲਿਆ ਤਾਂ ਉਸ ਨੂੰ ਮੁਹਾਲੀ ਤੋਂ ਲੁਧਿਆਣੇ ਮਾਸੀ ਦੇ ਘਰ ਜਾਣ ਦਾ ਚਾਅ ਚੜ੍ਹ ਗਿਆ। ਅਤਿਵਾਦ ਦੀਆਂ ਕਹਿਰਵਾਨ ਵਾਰਦਾਤਾਂ ਤੇ ਸੜਕ ਹਾਦਸਿਆਂ ਤੋਂ ਖ਼ੌਫ਼ਜ਼ਦਾ ਅਸੀਂ ਬਥੇਰਾ ਹੋੜਦੇ ਰਹੇ, ਪਰ ਉਸ ਦੇ ਚਾਅ ਦੇ ਹੜ੍ਹ ਨੂੰ ਕੋਈ ਵੱਟ-ਬੰਨਾ ਨਾ ਰੋਕ ਸਕਿਆ। ਆਖ਼ਰ ਉਤਲੇ ਜਿਹੇ ਮਨੋਂ ਆਗਿਆ ਦੇਣੀ ਹੀ ਪਈ। ਪਤਾ ਨਹੀਂ ਰਾਤੀਂ ਸੁੱਤਾ ਵੀ ਜਾਂ ਨਹੀਂ, ਸਾਝਰੇ ਹੀ ਉੱਠ ਖੜੋਤਾ। ਸਵੇਰੇ ਛੇ ਵਜੇ ਤਾਂ ਸੂਟ-ਬੂਟ ਕਸ ਕੇ ਆ ਵੀ ਗਿਆ। "ਕੁਝ ਖਾ-ਪੀ ਤਾਂ ਜਾਹ।"

ਮੇਰੇ ਵਾਰ ਵਾਰ ਕਹਿਣ 'ਤੇ ਦੁੱਧ ਦਾ ਗਿਲਾਸ ਗਟਕਦਾ ਬੋਲਿਆ, "ਪਰੌਂਠੇ ਤਾਂ ਹੁਣ ਮਾਸੀ ਦੇ ਹੀ ਖਾਊਂਗਾ।'

ਵਿਹੜੇ ਵਿੱਚੋਂ ਹੀ ਸਕੂਟਰ 'ਤੇ ਲੱਤ ਦਿੱਤੀ ਤੇ ਪਲਾਂ ਵਿੱਚ ਅੱਖੋਂ ਓਝਲ ਹੋ ਗਿਆ। ਪਰਮਾਤਮਾ ਅੱਗੇ ਉਸ ਦੀ ਖ਼ੈਰ-ਸੁਖ ਦੀ ਜੋਦੜੀ ਕਰਦਿਆਂ ਕਮਰੇ ਵਿੱਚ ਆਈ ਤੇ ਆਪਣੀ ਭੈਣ ਪਰਮਿੰਦਰ ਨੂੰ ਫੋਨ ਮਿਲਾਇਆ, "ਤੇਰਾ ਭਾਣਜਾ ਉੱਡਿਆ ਆਉਂਦੈ ਨਵੇਂ ਸਕੂਟਰ 'ਤੇ, ਉਹਦੇ ਅਪੜਦੇ ਹੀ ਖ਼ਬਰ ਕਰ ਦੇਈਂ।" ਗਿਆਰਾਂ ਕੁ ਵਜੇ ਤਕ ਫੋਨ ਨਾ ਆਇਆ ਤਾਂ ਪ੍ਰੇਸ਼ਾਨੀਆਂ ਨੇ ਦਸਤਕ ਦੇਣੀ ਸ਼ੁਰੂ ਕਰ ਦਿੱਤੀ।

"ਕਿਉਂ ਟੈਨਸ਼ਨ ਕਰੀ ਜਾਂਦੀ ਐਂ? ਲੱਗਿਆ ਹੋਊ ਮਾਸੀ ਨਾਲ ਯੱਕੜ ਮਾਰਨ। ਥੋੜ੍ਹਾ ਸਬਰ ਰੱਖਿਆ ਕਰ," ਮੇਰਾ ਜੀਵਨ-ਸਾਥੀ ਬਲਦੇਵ ਕੁਰਸੀ 'ਤੇ ਚੜ੍ਹ ਕੇ ਬੋਗਨਵਿਲੀਆ ਦੀਆਂ ਡਾਲੀਆਂ ਥਾਂ ਸਿਰ ਕਰਦਾ ਬੋਲਿਆ। ਦੋ ਕੁ ਵਜੇ ਘੰਟੀ ਖੜਕੀ, ਕੁੜੀ ਦੀ ਬੁਝੀ ਬੁਝੀ ਜਿਹੀ ਆਵਾਜ਼ ਆਈ, "ਭੈਣ ਜੀ! ਰਿਸ਼ਮ ਅਜੇ ਤਕ ਨਹੀਂ ਆਇਆ। ਮੈਂ ਤਾਂ ਤਿੰਨ ਵਾਰ ਚੌਕ ਤਕ ਵੀ ਗੇੜਾ ਲਾ ਆਈ।"

"ਜਾਹ ਜਾਂਦੀਏ! ਕਿਤੇ ਉਹੀ ਗੱਲ ਨਾ ਹੋਵੇ," ਮੇਰੀ ਦੇਹ ਜਿਵੇਂ ਮਿੱਟੀ ਹੋ ਕੇ ਕਿਰ ਗਈ, ਕੰਨ ਸਾਂ-ਸਾਂ ਕਰਨ ਲੱਗੇ। "ਫ਼ਿਕਰ ਦੀਏ ਪੰਡੇ! ਐਵੇਂ ਨਾ ਸਿਰੇ ਦੀਆਂ ਸੋਚ ਲਿਆ ਕਰ। ਰਾਹ 'ਚ ਕਿਸੇ ਦੋਸਤ ਦੇ ਰੁਕ ਗਿਆ ਹੋਊ, "ਬਲਦੇਵ ਨੇ ਆਪਣੇ ਚਿੰਤਾਵਾਨ ਚਿਹਰੇ 'ਤੇ ਨਕਾਬ ਪਾਉਂਦਿਆਂ ਦਿਲਾਸਾ ਦਿੱਤਾ।

"ਪਰ ਹੁਣ ਤਾਂ ਗਏ ਨੂੰ ਅੱਠ ਘੰਟੇ ਹੋ ਗਏ, ਹੁਣ ਤਕ ਤਾਂ ਪਹੁੰਚਣਾ ਚਾਹੀਦਾ ਸੀ।"

"ਵਾਹਿਗੁਰੂ 'ਤੇ ਭਰੋਸਾ ਰੱਖ, ਕੁਝ ਨਹੀਂ ਹੁੰਦਾ ਤੇਰੇ ਪੁੱਤ ਨੂੰ," ਪਰ ਬੋਲ ਉਹਦੇ ਵੀ ਭਰੜਾਏ ਹੋਏ ਸਨ।

ਮੋਬਾਈਲ ਫੋਨ ਤਾਂ ਉਦੋਂ ਹੁੰਦੇ ਹੀ ਨਹੀਂ ਸਨ ਜੋ ਸਿੱਧਾ ਰਿਸ਼ਮ ਨੂੰ ਮਿਲਾ ਲੈਂਦੇ। ਅਸੀਂ ਬੈਠੇ ਪਾਠ ਕਰਦੇ ਰਹੇ। ਬਲਦੇਵ ਉਸ ਦੇ ਦੋਸਤਾਂ ਦੇ ਘਰੀਂ ਵੀ ਜਾ ਆਇਆ। ਮੈਂ ਗੁਰਦੁਆਰੇ ਹੋ ਆਈ। ਅਸੀਂ ਤੇ ਮੇਰੇ ਭੈਣ-ਜੀਜੇ ਨੇ ਏਧਰੋਂ ਉਧਰੋਂ ਇਸ ਸੜਕ 'ਤੇ ਹੋਏ ਕਿਸੇ ਐਕਸੀਡੈਂਟ ਬਾਰੇ ਵੀ ਪਤਾ ਕੀਤਾ, ਪਰ ਕੋਈ ਉਘ-ਸੁੱਘ ਨਹੀਂ।

ਮੈਨੂੰ ਮੁੜ ਮੁੜ ਉਹ ਕੁਲੱਛਣੀ ਘੜੀ ਯਾਦ ਆ ਰਹੀ ਸੀ, ਜਦੋਂ ਸੀਆਰਪੀਐੱਫ ਵਾਲੇ ਉਸ ਨੂੰ ਕਾਫ਼ੀ ਦੂਰ ਤਕ ਘੜੀਸਦੇ ਹੋਏ ਸੜਕ ਦੇ ਦੂਜੇ ਪਾਸੇ ਖੜ੍ਹੇ ਆਪਣੇ ਅਫ਼ਸਰ ਕੋਲ ਲੈ ਗਏ ਸਨ। ਵਿਸ਼ੇਸ਼ ਵਰਦੀ-ਹੁਕਮ ਲਾਗੂ ਹੋਣ ਕਰਕੇ ਉਹ ਕੇਸਰੀ ਪਗੜੀ ਬੰਨ੍ਹੀ ਸਾਈਕਲ ਉੱਤੇ ਆਪਣੇ ਸਕੂਲ ਜਾ ਰਿਹਾ ਸੀ ਕਿ ਅਗਲਿਆਂ ਨੂੰ ਕੋਈ ਸ਼ੱਕ ਹੋ ਗਿਆ। ਉਦੋਂ ਉਸ ਦੇ ਬਸਤੇ ਵਿੱਚੋਂ ਨਿਕਲਿਆ ਗਿਆਰਵੀਂ ਸ਼੍ਰੇਣੀ ਦਾ ਸਕੂਲੀ ਪਛਾਣ ਪੱਤਰ ਹੀ ਉਸ ਨੂੰ ਬਚਾ ਸਕਿਆ ਸੀ। ਉਨ੍ਹੀਂ ਦਿਨੀਂ ਚੰਗੇਰੀ ਵਿੱਦਿਆ ਹਾਸਲ ਕਰਨ ਲਈ ਉਹ ਕਿਸੇ ਜਮਾਤੀ ਨਾਲ ਚੰਡੀਗੜ੍ਹ 'ਚ ਕਿਰਾਏ ਦੇ ਕਮਰੇ ਵਿੱਚ ਰਹਿੰਦਾ ਸੀ। ਇਸ ਦਿਲ-ਚੀਰਵੀਂ ਘਟਨਾ ਦੀ ਖ਼ਬਰ ਮਿਲੀ ਤਾਂ ਅਸੀਂ ਤਾਬੜਤੋੜ ਆਪਣੇ ਰਾਜਪੁਰੇ ਵਾਲੇ ਮਕਾਨ ਨੂੰ ਜਿੰਦਰਾ ਲਾ ਕੇ ਮੁਹਾਲੀ ਆ ਟਿਕੇ ਸਾਂ ਤੇ ਮੁੰਡੇ ਨੂੰ ਆਪਣੇ ਖੰਭਾਂ ਹੇਠ ਲੁਕੋ ਲਿਆ ਸੀ। ਫਿਰ ਜਦੋਂ ਤਕ ਮੇਰੀ ਬਦਲੀ ਮੁਹਾਲੀ ਨੇੜਲੀ ਡਿਸਪੈਂਸਰੀ ਵਿੱਚ ਨਹੀਂ ਹੋ ਗਈ, ਮੈਂ ਰੋਜ਼ ਦੋ-ਤਿੰਨ ਬੱਸਾਂ ਬਦਲ ਕੇ ਰਾਜਪੁਰੇ ਸਿਵਲ ਹਸਪਤਾਲ ਪਹੁੰਚਦੀ ਸਾਂ, ਬਲਦੇਵ ਦੀ ਡਿਸਪੈਂਸਰੀ ਵਾਲਾ ਪੰਧ ਵੀ ਲੰਮੇਰਾ ਹੋ ਗਿਆ ਸੀ।

ਫਿਰ ਉਹ ਵਾਕਾ ਦਿਮਾਗ਼ ਵਿੱਚ ਖ਼ਲਲ ਪਾਉਣ ਲੱਗਿਆ ਜਦੋਂ ਮੈਂ ਉਸ ਨੂੰ ਇੱਕ ਰਾਤ ਤੰਦੂਰ 'ਤੇ ਰੋਟੀਆਂ ਲੁਆਉਣ ਭੇਜ ਬੈਠੀ ਸਾਂ ਤੇ ਰਾਹ ਵਿੱਚ ਦੋ ਸਿੰਘਾਂ ਨੇ ਉਸ ਨੂੰ ਪੰਥ ਦੇ ਭਲੇ ਖ਼ਾਤਰ ਆਪਣੇ ਨਾਲ ਰਲਣ ਲਈ ਜ਼ੋਰ ਦਿੱਤਾ ਸੀ, ਉਹ 'ਕੋਈ ਨਾ, ਸਲਾਹ ਕਰਾਂਗਾ' ਦਾ ਬਹਾਨਾ ਲਾ ਕੇ ਤੇ ਉਨ੍ਹਾਂ ਨੂੰ ਝਕਾਨੀ ਦੇ ਕੇ ਪੁੱਠੇ ਰਸਤਿਉਂ ਘਰ ਆ ਗਿਆ ਸੀ। "ਹੇ ਸਰਬਸ਼ਕਤੀਮਾਨ! ਸੁੱਖ ਰੱਖੀਂ! ਤੂੰ ਹੀ ਬਖ਼ਸ਼ਿਐ, ਹੁਣ ਉਸ ਦਾ ਵਾਲ ਵਿੰਗਾ ਨਾ ਹੋਣ ਦੇਵੀਂ," ਮੇਰੇ ਕੋਲ ਇਸ ਅਰਦਾਸ ਤੋਂ ਸਿਵਾਏ ਕਰਨ ਲਈ ਹੋਰ ਕੁਝ ਵੀ ਨਹੀਂ ਸੀ। ਗੁਰਬਾਣੀ ਦੀ ਟੇਪ ਲਾ ਕੇ ਮੈਂ ਆਪਣੇ ਡੁੱਬਦੇ ਦਿਲ ਨੂੰ ਠੁੰਮ੍ਹਣਾ ਦੇ ਰਹੀ ਸਾਂ। ਉਸ ਦੇ ਦੋਸਤ ਤੇ ਕੁਝ ਹੋਰ ਹਮਦਰਦ ਸਾਡੇ ਘਰ ਆ ਕੇ ਬੈਠ ਗਏ। ਹਰ ਕੋਈ ਆਪੋ-ਆਪਣੀ ਸਲਾਹ ਦਿੰਦਾ। ਨੇੜੇ-ਤੇੜੇ ਦੇ ਹਸਪਤਾਲਾਂ ਵਿੱਚ ਫੋਨ ਕੀਤੇ। ਮੈਂ ਕਦੇ ਅੰਦਰ ਜਾਂਦੀ ਕਦੇ ਬਾਹਰ। ਸੋਚਣ ਸ਼ਕਤੀ ਬਿਲਕੁਲ ਹੀ ਜਵਾਬ ਦੇ ਗਈ ਸੀ। ਉਨ੍ਹੀਂ ਦਿਨੀਂ ਪੁਲੀਸ ਤਕ ਪਹੁੰਚ ਕਰਨੀ ਕਿਸੇ ਨਵੀਂ ਮੁਸੀਬਤ ਨੂੰ ਸੱਦਾ ਦੇਣ ਵਰਗੀ ਗ਼ਲਤੀ ਸੀ। ਸ਼ਾਮ ਸੱਤ ਕੁ ਵਜੇ ਮੇਰੀ ਭੈਣ ਟੱਲੀ ਵਾਂਗ ਟਣਕੀ, "ਲੈ ਪਹੁੰਚ ਗਿਆ ਤੇ ਇਸੇ ਤੋਂ ਸੁਣ ਹੱਡਬੀਤੀ।"

ਮੈਂ ਜਿਵੇਂ ਕਿਸੇ ਸੁਨਾਮੀ ਦੀਆਂ ਛੱਲਾਂ ਵਿੱਚੋਂ ਕੰਢੇ ਆ ਲੱਗੀ। ਬਲਦੇਵ ਦੀਆਂ ਅੱਖਾਂ ਵਿੱਚ ਡੱਕੇ ਹੰਝੂ ਗੱਲ੍ਹਾਂ 'ਤੇ ਉਤਰ ਆਏ। ਅੱਗੋਂ ਰਿਸ਼ਮ ਦੇ ਮਾਣਮੱਤੇ ਬੋਲ ਸਨ, "ਮੰਮੀ! ਮੈਂ ਤਾਂ ਬੜੇ ਮਜ਼ੇ ਨਾਲ ਸਕੂਟਰ 'ਤੇ ਫਰਾਟੇ ਮਾਰਦਾ ਜਾ ਰਿਹਾ ਸੀ। ਮੋਰਿੰਡੇ ਤੋਂ ਥੋੜ੍ਹਾ ਪਹਿਲਾਂ ਪਿਸ਼ਾਬ ਦੀ ਹਾਜਤ ਹੋਈ। ਕਾਈਨੈਟਿਕ ਸੜਕ ਕਿਨਾਰੇ ਖੜ੍ਹਾ ਕੇ ਮੈਂ ਪਰ੍ਹਾਂ ਝਾੜੀਆਂ ਵੱਲ ਚਲਿਆ ਗਿਆ। ਮੱਧਮ ਜਿਹੀ ਹੂੰਅੜ ਹੂੰਅ ਸੁਣ ਰਹੀ ਸੀ। ਉੱਥੇ ਜਾ ਕੇ ਦੇਖਿਆ ਤਾਂ ਡਿੱਗੇ ਹੋਏ ਮੋਟਰਸਾਈਕਲ ਕੋਲ ਇੱਕ ਬੰਦਾ ਕਰਾਹ ਰਿਹਾ ਸੀ ਜ਼ਖ਼ਮੀ"

"ਅੱਛਾ" ਫਿਰ?" ਬਲਦੇਵ ਨੂੰ ਕੰਨ ਨੇੜੇ ਕਰਕੇ ਸੁਣਨ ਦੀ ਕੋਸ਼ਿਸ਼ ਕਰਦੇ ਦੇਖ ਮੈਂ ਫੋਨ ਨੂੰ ਸਪੀਕਰ 'ਤੇ ਲਾ ਲਿਆ। "ਮੈਂ ਉਸ ਨੂੰ ਬੁਲਾਉਣ ਜਾਂ ਹੋਰ ਮਦਦ ਕਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਹੋਣ ਕਾਰਨ ਕੁਝ ਨਾ ਬੋਲਿਆ। ਫਿਰ ਮੈਂ ਸੜਕ ਵਿਚਕਾਰ ਖੜੋ ਕੇ ਕਾਰਾਂ-ਟਰੱਕ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਨਾ ਰੁਕਿਆ। ਦੋ ਕਾਰਾਂ ਵਾਲੇ ਰੁਕੇ ਵੀ ਤਾਂ ਉਨ੍ਹਾਂ ਨੇ ਅਜਿਹੇ ਕੇਸ ਨੂੰ ਲਿਜਾਣ ਤੋਂ ਮਨ੍ਹਾ ਕਰ ਦਿੱਤਾ।" "ਫਿਰ ਤਾਂ ਬੜੀ ਮੁਸ਼ਕਿਲ ਸਥਿਤੀ ਬਣ ਗਈ ਬੇਟਾ," ਬਲਦੇਵ ਗੱਲਬਾਤ ਵਿੱਚ ਸ਼ਾਮਿਲ ਹੋ ਗਿਆ। "ਪਾਪਾ! ਮੈਨੂੰ ਕੁਝ ਸਮਝ ਨਾ ਆਵੇ ਕਿ ਕੀ ਕਰਾਂ? ਕਾਈਨੈਟਿਕ ਸਟਾਰਟ ਕਰਕੇ ਮੋਰਿੰਡੇ ਪੁਲੀਸ ਚੌਕੀ ਪਹੁੰਚ ਕੇ ਸਾਰੀ ਹਾਲਤ ਦੱਸੀ। ਉਹ ਕਹਿੰਦੇ ਕਿ ਪੁੱਤ, ਸਕੂਟਰ ਕਰ ਖੜ੍ਹਾ ਤੇ ਬੈਠ ਸਾਡੇ ਨਾਲ ਜੀਪ 'ਤੇ ਮਰਦਾ ਕੀ ਨਾ ਕਰਦਾ, ਬੈਠਣਾ ਪਿਆ।"

"ਉਫ਼ ਇਹ ਪੁਲੀਸ ਵੀ ਨਾ" ਮੈਨੂੰ ਬੁਖਲਾਹਟ ਵਿੱਚ ਲਫ਼ਜ਼ ਹੀ ਨਹੀਂ ਔੜ ਰਹੇ ਸਨ। ਸ਼ਾਇਦ ਆਵਾਜ਼ ਵੀ ਕੰਬ ਰਹੀ ਸੀ। "ਮੰਮੀ! ਪਹਿਲਾਂ ਇਹ ਸੁਣ ਲਉ ਬਈ ਸਭ ਕੁਝ ਠੀਕ ਐ, ਪ੍ਰੇਸ਼ਾਨ ਨਾ ਹੋਵੋ।" "ਚੱਲ ਤੂੰ ਅੱਗੇ ਦੱਸ" ਤੇਰੀ ਮਾਂ ਤਾਂ ਐਵੇਂ" ਸ਼ਬਦ ਬਲਦੇਵ ਤੋਂ ਵੀ ਗੁਆਚ ਰਹੇ ਸਨ। "ਅੱਗੇ ਕੀ, ਬਸ ਉਸੇ ਥਾਂ ਪਹੁੰਚ ਗਏ। ਹੁਣ ਤਾਂ ਉਹ ਬੰਦਾ ਉੱਕਾ ਹੀ ਬੇਹੋਸ਼ ਸੀ, ਖ਼ੂਨ ਨਾਲ ਲਥਪਥ, ਸਿਪਾਹੀਆਂ ਨੇ ਉਸ ਨੂੰ ਗੱਡੀ 'ਚ ਪਾ ਲਿਆ ਤੇ ਕਹਿੰਦੇ ਕਿ ਕਾਕਾ! ਜਾਂ ਤਾਂ ਸਾਡੇ ਨਾਲ ਹਸਪਤਾਲ ਚੱਲ, ਨਹੀਂ ਤਾਂ ਉਦੋਂ ਤਕ ਥਾਣੇ ਬੈਠਣਾ ਪਊ ਜਦੋਂ ਤਕ ਇਹਦੇ ਬਿਆਨ ਨਹੀਂ ਲੈ ਲੈਂਦੇ।" "ਹਾਏ ਰੱਬਾ" ਮੈਥੋਂ ਫਿਰ ਬੋਲੇ ਬਿਨਾਂ ਰਿਹਾ ਨਾ ਗਿਆ। "ਬਸ ਮੰਮੀ-ਪਾਪਾ! ਮੈਂ ਸੋਚਿਆ ਹਸਪਤਾਲ ਜਾਣਾ ਹੀ ਠੀਕ ਐ, ਨਾਲੇ ਖ਼ੌਰੇ ਖ਼ੂਨ ਦੀ ਲੋੜ ਪਵੇ, ਪਰ ਉਹ ਤਾਂ ਪਈ ਨਹੀਂ, ਸਿਪਾਹੀਆਂ ਨੇ ਡਾਕਟਰ ਦੀ ਪਰਚੀ ਵੀ ਮੈਨੂੰ ਫੜਾ ਦਿੱਤੀ। ਚਲੋ ਮੇਰੇ ਕੋਲ ਪੈਸੇ ਹੈਗੇ ਸੀ, ਮੰਮੀ! ਸਵੇਰੇ ਜਿਹੜੇ ਤੁਸੀਂ ਦਿੱਤੇ ਸੀ। ਮੈਂ ਦਵਾਈਆਂ ਲਿਆ ਦਿੱਤੀਆਂ।"

"ਪੈਸਿਆਂ ਦੀ ਛੱਡ ਬੇਟਾ! ਇਹ ਦੱਸ ਫਿਰ ਬਣਿਆ ਕੀ?" ਮੈਂ ਛੇਤੀ ਤੋਂ ਛੇਤੀ ਸਭ ਜਾਣਨ ਲਈ ਕਾਹਲੀ ਸਾਂ।

"ਬਸ ਮੰਮੀ ਜੀ! ਗੁਲੂਕੋਜ਼ ਲੱਗ ਗਿਆ। ਪੱਟੀਆਂ ਹੋ ਗਈਆਂ। ਹੋਰ ਇਲਾਜ ਹੁੰਦਾ ਰਿਹਾ। ਅਸੀਂ ਵਰਾਂਡੇ 'ਚ ਬੈਠੇ ਰਹੇ। ਅਖੀਰ ਉਹ ਬੰਦਾ ਹੋਸ਼ 'ਚ ਆ ਗਿਆ, ਪੁਲੀਸ ਨੂੰ ਬਿਆਨ ਦੇ ਦਿੱਤਾ ਕਿ ਸੜਕ 'ਤੇ ਕੋਈ ਵੱਡਾ ਰੋੜਾ ਪਿਆ ਸੀ, ਜਿਸ ਤੋਂ ਬੁੜ੍ਹਕ ਕੇ ਮੋਟਰਸਾਈਕਲ ਦੂਰ ਝਾੜੀਆਂ ਵਿੱਚ ਜਾ ਪਿਆ ਤੇ ਉਹ ਡਿੱਗ ਕੇ ਜ਼ਖ਼ਮੀ ਹੋ ਗਿਆ।"

"ਸ਼ੁਕਰ ਐ ਵਾਹਿਗੁਰੂ" ਸੱਚੇ ਪਾਤਸ਼ਾਹ" ਮੇਰੇ ਤੜਪਦੇ ਕਾਲਜੇ ਨੂੰ ਠੰਢ ਪੈ ਗਈ।

"ਹੋਰ ਸੁਣੋ! ਸਿਪਾਹੀ ਨੇ ਮੈਨੂੰ ਖਿੱਚ ਕੇ ਉਸ ਦੇ ਸਾਹਮਣੇ ਕਰ ਦਿੱਤਾ। ਕਹਿੰਦਾ: ਇਸ ਮੁੰਡੇ ਨੇ ਤਾਂ ਨਹੀਂ ਕੀਤਾ ਐਕਸੀਡੈਂਟ?"

"ਫੇਰ?" "ਉਹ ਹੁਣ ਪੂਰੇ ਹੋਸ਼ 'ਚ ਸੀ, ਬਿਲਕੁਲ ਠੀਕ-ਠਾਕ। ਕਹਿੰਦਾ, 'ਨਹੀਂ ਜੀ, ਸੜਕ ਤੇ ਤਾਂ ਉਦੋਂ ਕੋਈ ਨਹੀਂ ਸੀ, ਇਹ ਮੁੰਡਾ ਵੀ ਨਹੀਂ,' ਤਾਂ ਕਿਤੇ ਮੇਰੀ ਬੰਦ-ਖਲਾਸੀ ਹੋਈ।" "ਲੱਖ ਲੱਖ ਸ਼ੁਕਰ ਪਰਮਾਤਮਾ ਦਾ ਤੇ ਤੂੰ ਉਵੇਂ ਹੀ ਭੁੱਖਣ-ਭਾਣਾ!" "ਨਾ ਜੀ, ਨਾ! ਜਦੋਂ ਦਾ ਆਇਆਂ ਮਾਸੀ ਦਬਾਸੱਟ ਚਾਰੀ ਜਾਂਦੀ ਐ, ਗਲ਼ ਤਾਈਂ ਰਜਾ ਦਿੱਤਾ," ਰਿਸ਼ਮ ਖਿੜਖਿੜਾਇਆ।

"ਹੁਣ ਹਿੜ-ਹਿੜ ਕਰੀ ਜਾਂਦਾ ਐਂ। ਜੇ ਉਸ ਬੰਦੇ ਨੂੰ ਕੁਝ ਹੋ ਜਾਂਦਾ ਤਾਂ ਰਗੜਿਆ ਗਿਆ ਸੀ ਤੂੰ ਤੇ ਨਾਲੇ ਅਸੀਂ ਸਾਰੇ" ਮਾਸੀ ਦਾ ਪਿਆਰ ਚਿੰਤਾ ਵਿੱਚ ਡਿੱਕਡੋਲੇ ਖਾ ਰਿਹਾ ਸੀ। "ਕੋਈ ਨਾ ਪਰਮਿੰਦਰ! ਇਹਦੇ ਕਰਕੇ ਕਿਸੇ ਮਾਂ ਦਾ ਪੁੱਤ ਬਚ ਵੀ ਤਾਂ ਗਿਐ ਸ਼ਾਬਾਸ਼ ਬੇਟਾ ਸ਼ਾਬਾਸ਼।' "ਵੈੱਲ ਡਨ ਜਵਾਨ! ਕੀਪ ਇਟ ਅੱਪ" ਬਲਦੇਵ ਨੇ ਫ਼ੌਜੀਆਂ ਵਰਗੇ ਬੁਲੰਦ ਅੰਦਾਜ਼ ਵਿੱਚ ਕਿਹਾ ਤੇ ਸਾਡੇ ਦੋਵਾਂ ਦੇ 'ਫ਼ਿਕਰ' ਦੀ ਥਾਂ 'ਫ਼ਖ਼ਰ' ਨੇ ਲੈ ਲਈ।

■ ਡਾ. ਗੁਰਮਿੰਦਰ ਸਿੱਧੂ

ਆਪ ਬੀਤੀ



ਕਾਲਪਨਿਕ ਫੋਟੋ

# ਯੂਪੀ ਵਿੱਚ ਯੋਗੀ ਨੇ ਗੁੰਡਾਰਾਜ ਕਿਵੇਂ ਖਤਮ ਕੀਤਾ ਮਾਨ ਸਰਕਾਰ ਉਨ੍ਹਾਂ ਤੋਂ ਸਬਕ ਲੈਣ :ਰਵੀ ਪ੍ਰੀਤ ਸਿੰਘ ਸਿੱਧੂ



ਰਾਮਾ ਮੰਡੀ, -ਜਸਵੀਰ ਔਲਖ- -ਰੋਜ਼ਾਨਾ ਸਵੇਰਾ-

ਪੰਜਾਬ ਦੀ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ 'ਤੇ ਸਵਾਲ ਉਠਾਉਂਦਿਆਂ ਭਾਜਪਾ ਆਗੂ ਰਵੀਪ੍ਰੀਤ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ 'ਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ । ਉਨ੍ਹਾਂ ਕਿਹਾ ਕਿ ਸਰਕਾਰ ਬਣੀ ਨੂੰ ਇੱਕ ਸਾਲ ਵੀ ਨਹੀਂ ਹੋਇਆ ਕਿ ਸੂਬੇ ਵਿੱਚ ਨਿੱਤ ਦਿਨ ਵਾਪਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਕਾਰਨ ਲੋਕਾਂ ਦਾ ਸਰਕਾਰ ਤੋਂ ਮੋਹ ਭੰਗ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਦਿਨ-ਦਿਹਾੜੇ ਲੁੱਟ-ਖੋਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਸਰਕਾਰ ਇਨ੍ਹਾਂ ਲੋਕਾਂ ਅੱਗੇ ਝੁਕ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਯੂ.ਪੀ 'ਚ ਗੁੰਡਾਰਾਜ ਦਾ ਖਾਤਮਾ ਕੀਤਾ ਹੈ ਅਤੇ ਅਪਰਾਧੀ ਅਪਰਾਧ ਕਰਨ ਤੋਂ ਪਹਿਲਾਂ ਸੌ ਵਾਰ ਸੋਚਦੇ ਹਨ, ਪਰ ਪੰਜਾਬ 'ਚ ਜਿੱਥੇ ਜੇਲ੍ਹਾਂ 'ਚ ਬੰਦ ਗੈਂਗਸਟਰ ਕਾਰੋਬਾਰੀਆਂ ਤੋਂ ਫਿਰੌਤੀ ਮੰਗ ਰਹੇ ਹਨ, ਉਥੇ ਬਦਮਾਸ਼ ਨਿਡਰ ਹੋ ਕੇ ਮੋਬਾਈਲ ਖੋਹ ਰਹੇ ਹਨ ।ਸੜਕ 'ਤੇ ਤੁਰਦੇ ਸਮੇਂ ਲੋਕਾਂ ਤੋਂ ਫੋਨ ਅਤੇ ਔਰਤਾਂ ਤੋਂ ਕੰਨਾਂ ਦੀਆਂ ਵਾਲੀਆਂ। ਉਨ੍ਹਾਂ ਕਿਹਾ ਕਿ ਅਪਰਾਧੀਆਂ ਦੇ ਡਰ ਕਾਰਨ ਲੋਕ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਉਣ ਤੋਂ ਵੀ ਗੁਰੇਜ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਯੂਪੀ ਦੀ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੈਂਗਸਟਰਾਂ ਅਤੇ ਖੋਹ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਦੇ ਹਾਲਾਤ ਜਲਦੀ ਕਾਬੂ ਵਿੱਚ ਨਾ ਕੀਤੇ ਗਏ ਤਾਂ ਭਾਜਪਾ ਸੜਕਾਂ 'ਤੇ ਉਤਰ ਕੇ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰੇਗੀ।

# ਸਹਾਇਤਾ ਸੰਸਥਾ ਲੁਧਿ. ਨੇ ਦਾਦੀ-ਪੋਤੇ ਨੂੰ ਬਣਾ ਕੇ ਦਿੱਤਾ ਮਕਾਨ ਮੁਕੰਮਲ ਹੋਣ ਤੇ ਸਹਾਇਤਾ ਟੀਮ ਨੇ ਸੌਂਪੀਆ ਚਾਬੀਆਂ



ਮਾਨਸਾ, -ਰੋਜ਼ਾਨਾ ਸਵੇਰਾ-

ਜਿਲ੍ਹੇ ਦੇ ਪਿੰਡ ਅਕਲੀਆ ਵਿਖੇ ਸਹਾਇਤਾ ਸੰਸਥਾ ਲੁਧਿਆਨਾ ਵਲੋਂ ਦਾਦੀ ਪੋਤੇ ਨੂੰ ਰਿਹਾਇਸੀ ਮਕਾਨ ਬਣਾ ਕੇ ਦੇਣ ਦਾ ਵਾਅਦਾ ਕੀਤਾ ਗਿਆ ਸੀ, ਮਕਾਨ ਦੀ ਸੁਰੂਆਤ ਸਮੇਂ ਨੀਂਹ ਪੱਥਰ ਸੰਸਥਾ ਦੇ ਮੁਖੀ ਡਾ: ਰਾਜਿੰਦਰ ਸਿੰਘ ਰਾਜੀ ਵੱਲੋਂ ਰੱਖਿਆ ਸੀ ਅਤੇ ਸਰਬੱਤ ਦੇ ਭਲੇ ਲਈ ਗਿਆਨੀ ਬੁੱਧ ਸਿੰਘ ਵੱਲੋਂ ਅਰਦਾਸ ਕੀਤੀ ਗਈ ਸੀ। ਇਹ ਮਕਾਨ ਕੁੱਝ ਮਹੀਨਿਆਂ ਵਿੱਚ ਮੁਕੰਮਲ ਹੋ ਗਿਆ ਹੈ, ਇਹ ਮਕਾਨ ਮੁਕੰਮਲ ਹੋਣ ਤੇ ਰਸਮੀ ਉਦਘਾਟਨ ਸੰਸਥਾ ਦੇ ਸੂਬਾ ਪ੍ਰਧਾਨ ਡਾ. ਰਜਿੰਦਰ ਸਿੰਘ ਰਾਜੀ ਤੇ ਸਮੁੱਚੀ ਟੀਮ ਵੱਲੋਂ ਸਾਂਝੇ ਤੌਰ ਤੇ ਕਰਦਿਆਂ ਪਰਿਵਾਰ ਨੂੰ ਵਧਾਈ ਦਿੱਤੀ ਤੇ ਮਕਾਨ ਮੁਕੰਮਲ ਹੋਣ ਤੇ ਦਾਦੀ-ਪੋਤੇ ਨੂੰ ਸੰਸਥਾ ਵੱਲੋਂ ਨਵੇਂ ਮਕਾਨ ਦੀਆਂ ਚਾਬੀਆਂ ਸ਼ੌਂਪ ਦਿੱਤੀਆਂ ਗਈਆ ਹਨ। ਮਕਾਨ ਦੇ ਉਦਘਾਟਨ ਦੌਰਾਨ ਰਾਜਿੰਦਰ ਸਿੰਘ ਚਹਿਲ ਯੂ.ਐਸ.ਏ ਕੇਲੋ ਫੋਰਨੀਆਂ, ਕਰਮਜੀਤ ਸਿੰਘ ਗਿੱਲ ਸਹਾਇਤਾ ਪ੍ਰਬੰਧਕ ਕੇਨੈਡਾ, ਡਾ. ਰਾਮੇਸ਼ ਜੈਨ ਰਾਏਕੋਟ ਤੇ ਸੁਖਵਿੰਦਰ ਕੌਰ ਸਰਾਂ ਨੇ ਵਿਸ਼ੇਸ਼ ਤੌਰ ਹਾਜ਼ਰੀ ਲਗਵਾਈ ਤੇ ਪਰਿਵਾਰ ਨੂੰ ਵਧਾਈ ਦਿੱਤੀ। ਇਸ ਮੌਕੇ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ।

ਦੱਸਣਾ ਬਣਦਾ ਹੈ ਇਹ ਦਾਦੀ-ਪੋਤੇ ਇੱਕਲੀਆਂ ਰਹਿੰਦੇ ਹਨ ਅਤੇ ਪਰਿਵਾਰ ਵਿੱਚ ਉਨ੍ਹਾਂ ਨੂੰ ਕਿਸੇ ਹੋਰ ਦਾ ਕੋਈ ਸਹਾਰਾ ਨਹੀਂ ਹੈ। ਇਹ ਮਕਾਨ ਬਨਾਉਣ ਲਈ ਥਾਂ ਬੱਚੇ ਤੇ ਰਿਸ਼ਤੇਦਾਰੀ ਵਿੱਚ ਲਗਦੇ ਫੁੱਫੜ ਗੁਰਵਿੰਦਰ ਸਿੰਘ ਅਕਲੀਆ ਵਲੋਂ ਦਿੱਤੀ ਗਈ। ਸੰਸਥਾ ਦੇ ਮੁਖੀ ਡਾ: ਰਾਜਿੰਦਰ ਸਿੰਘ ਰਾਜੀ, ਰਿਟਾ. ਆਈ.ਏ.ਐਸ ਡਾ. ਕਰਮਜੀਤ ਸਿੰਘ ਸਰਾਂ ਤੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਘਾਲੀ ਨੇ ਦੱਸਿਆ ਕਿ ਇਹ ਮਕਾਨ ਦਾਦੀ-ਪੋਤੇ ਦੇ ਹਵਾਲੇ ਕਰ ਦਿੱਤਾ ਹੈ, ਪਰਿਵਾਰ ਅਤਿ ਲੋੜਵੰਦ ਸੀ। ਉਨ੍ਹਾਂ ਕਿਹਾ ਕਿ ਹੋਰ ਸੰਸਥਾਵਾਂ ਨੂੰ ਵੀ ਅਜਿਹੇ ਲੋੜਵੰਦ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ। ਜਿਸ ਨਾਲ ਗੁਰਬਤ ਭਰੀ ਜਿੰਦਗੀ ਬਿਤਾ ਰਹੇ ਪਰਿਵਾਰਾਂ ਨੂੰ ਮਦਦ ਮਿਲੇ। ਉਨ੍ਹਾਂ ਦੱਸਿਆਂ ਕੇ ਸੰਸਥਾ ਵੱਲੋਂ ਅਜਿਹੇ ਉਪਰਾਲਿਆਂ ਦੇ ਨਾਲ-ਨਾਲ ਸੈਕੜੇ ਬੱਚਿਆਂ ਨੂੰ ਮੁਫ਼ਤ ਪੜ੍ਹਾਈ ਕਰਵਾਉਣ ਦਾ ਬੀੜਾ ਚੁੱਕਿਆ ਹੋਇਆ ਹੈ। ਸੰਸਥਾ ਵਲੋਂ ਪਰਿਵਾਰ ਲਈ ਕੀਤੇ। ਸੰਸਥਾ ਵੱਲੋਂ ਕੀਤੇ ਉਪਰਾਲੇ ਲਈ ਡਾ. ਗੁਰਜੰਟ ਸਿੰਘ ਅਕਲੀਆ ਤੇ ਪਰਿਵਾਰ ਨੇ ਸਹਾਇਤਾ ਸੰਸਥਾ ਦਾ ਵਿਸ਼ੇਸ਼ ਧੰਨਵਾਦ ਕਰਦਿਆ ਟੀਮ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਿਲ੍ਹੇ ਦੇ ਖ਼ਜ਼ਾਨਚੀ ਮਦਨ ਲਾਲ ਕੁਸ਼ਲਾ, ਗੋਪਾਲ ਅਕਲੀਆ, ਬਲਜੀਤ ਸਿੰਘ ਅਕਲੀਆ ਤੇ ਬੂਟਾ ਸਿੰਘ ਅਕਲੀਆ, ਮਾਸਟਰ ਗੁਰਚਰਨ ਸਿੰਘ, ਜੀਤ ਸਿੰਘ ਪਟਵਾਰੀ, ਇੰ: ਪੁਸ਼ਪਿੰਦਰ ਸਿੰਘ ਪ੍ਰਿੰਸ ਮੌੜ ਮੰਡੀ ਆਦਿ ਹਾਜ਼ਰ ਸਨ।

# ਪਰਾਲੀ ਸਬੰਧੀ ਉਦਯੋਗ ਲਗਾਉਣ ਵਾਲਿਆਂ ਨੂੰ ਸਰਕਾਰ ਵੱਲੋਂ ਦਿੱਤਾ ਜਾਵੇਗਾ ਸਹਿਯੋਗ

ਬਠਿੰਡਾ -ਜਸਵੀਰ ਔਲਖ- -ਰੋਜ਼ਾਨਾ ਸਵੇਰਾ-



ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਚ ਜ਼ਿਲ੍ਹੇ ਦੇ ਵੱਖ-ਵੱਖ ਅਧਿਕਾਰੀਆਂ ਤੇ ਪਰਾਲੀ ਨੂੰ ਸੰਭਾਲਣ ਲਈ ਉਦਯੋਗ ਲਗਾਉਣ ਵਾਲੇ ਨੁਮਾਇੰਦਿਆਂ ਨਾਲ ਪਰਾਲੀ ਦੇ ਪ੍ਰਬੰਧਨ ਸਬੰਧੀ ਇੱਕ ਵਿਸ਼ੇਸ਼ ਬੈਠਕ ਕੀਤੀ। ਇਸ ਮੌਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਕਰਵਾਈ ਗਈ ਵਰਕਸ਼ਾਪ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਨੂੰ ਇੱਕ ਪੂੰਜੀ ਵਜੋਂ ਵਰਤਿਆ ਜਾ ਸਕਦਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਝੋਨੇ ਦੀ ਪਰਾਲੀ ਤੇ ਇਸ ਦੀ ਰਹਿੰਦ-ਖੂੰਹਦ ਦੀ ਸੁਚੱਜੀ ਸਾਂਭ-ਸੰਭਾਲ ਤੋਂ ਇਲਾਵਾ ਪਰਾਲੀ ਦੀ ਪੂਰਨ ਖਪਤ ਸਬੰਧੀ ਜੋ ਵੀ ਉਦਯੋਗ ਲਗਾਉਣ ਦੇ ਚਾਹਵਾਨ ਹਨ, ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਵਲੋਂ ਪੂਰਨ ਸਹਿਯੋਗ ਦਿੱਤਾ ਜਾਵੇਗਾ। ਇਸ ਦੌਰਾਨ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਪਰਾਲੀ, ਰਹਿੰਦ-ਖੂੰਹਦ ਤੋਂ ਇਲਾਵਾ ਇਸ ਦੀ ਪੂਰਨ ਖ਼ਪਤ ਲਈ ਗੱਤੇ ਦੇ ਉਤਪਾਦਨ ਸਬੰਧੀ ਵੱਧ ਤੋਂ ਵੱਧ ਉਦਯੋਗ ਲਗਾਏ ਜਾਣ। ਇਸ ਮੌਕੇ ਉਦਯੋਗਾਂ ਦੇ ਨੁਮਾਇੰਦਿਆਂ ਨੇ ਆਪੋ-ਆਪਣੇ ਤਜ਼ਰਬੇ ਵੀ ਸਾਂਝੇ ਕੀਤੇ ਕਿ ਕਿਸ ਤਰ੍ਹਾਂ ਪਰਾਲੀ ਤੋਂ ਵੱਖ-ਵੱਖ ਤਰ੍ਹਾਂ ਦੀਆਂ ਵਰਤੋਂ ਯੋਗ ਚੀਜ਼ਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ ਜੋ ਕਿ ਇੱਕ ਕਮਾਈ ਦੇ ਸਾਧਨ ਵਜੋਂ ਵੀ ਸਹਾਈ ਸਿੱਧ ਹੋ ਸਕਦੀਆਂ ਹਨ। ਇਸ ਮੌਕੇ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਬਠਿੰਡਾ ਪ੍ਰੀਤ ਮਹਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਜੋ ਵੀ ਨੁਮਾਇੰਦਾ ਉਦਯੋਗ ਲਗਾਉਣ ਦਾ ਚਾਹਵਾਨ ਹੈ ਉਸ ਨੂੰ ਪ੍ਰਧਾਨ ਮੰਤਰੀ ਰੋਜ਼ਗਾਰ ਯੋਜਨਾ ਤਹਿਤ 50 ਲੱਖ ਰੁਪਏ ਤੱਕ ਦਾ ਕਰਜ਼ਾ ਮੁਹੱਈਆ ਕਰਵਾਇਆ ਜਾਵੇਗਾ ਜਿਸ ਤੇ 35 ਫ਼ੀਸਦੀ ਸਬਸਿਡੀ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਾਰੀ ਕੀਤੀ ਉਦਯੋਗਿਕ ਨੀਤੀ ਅਧੀਨ ਐਗਰੋ ਵੇਸਟ ਵਰਤਣ ਵਾਲੀਆਂ ਇਕਾਈਆਂ ਨੂੰ ਥਰਸਟ ਸੈਕਟਰ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਸ ਮੌਕੇ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਸਡੀਓ ਰਵੀਪਾਲ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ਼ਿਵਪਾਲ ਗੋਇਲ ਤੋਂ ਇਲਾਵਾ ਉਦਯੋਗ ਲਗਾਉਣ ਵਾਲੇ ਚਾਹਵਾਨ ਅਤੇ ਥਰਮਲ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਡੀ.ਟੀ.ਐੱਫ. ਵੱਲੋਂ 6 ਮਾਰਚ ਨੂੰ ਬੀ.ਪੀ.ਈ.ਓ ਚੀਮਾ ਦੇ ਦਫ਼ਤਰ ਦੇ ਘਿਰਾਓ ਦਾ ਐਲਾਨ

ਚੀਮਾਂ ਮੰਡੀ, -ਰੋਜ਼ਾਨਾ ਸਵੇਰਾ-

ਡੀ.ਟੀ.ਐੱਫ. ਦੀ ਬਲਾਕ ਚੀਮਾ ਇਕਾਈ ਦੀ ਮੀਟਿੰਗ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਚੰਦ ਲੌਂਗੋਵਾਲ ਦੀ ਅਗਵਾਈ ਅਤੇ ਬਲਾਕ ਪ੍ਰਧਾਨ ਜਸਬੀਰ ਨਮੋਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਚੀਮਾ ਦੇ ਦਫ਼ਤਰ ਵੱਲ ਅਧਿਆਪਕਾਂ ਦੇ ਲੰਮੇ ਸਮੇਂ ਤੋਂ ਬਕਾਇਆ ਪਏ ਮੰਗਾਂ-ਮਸਲਿਆਂ ਅਤੇ ਬੀ.ਪੀ.ਈ.ਓ. ਦੇ ਅਧਿਆਪਕ ਵਿਰੋਧੀ ਅਤੇ ਜਥੇਬੰਦੀ ਨੂੰ ਨਜ਼ਰਅੰਦਾਜ਼ ਕਰਨ ਦੇ ਵਤੀਰੇ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਬੀ.ਪੀ.ਈ.ਓ. ਦਫ਼ਤਰ ਵੱਲੋਂ ਅਧਿਆਪਕਾਂ ਨੂੰ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਵਧੀ ਤਨਖਾਹ ਦੇ ਘੱਟ ਪਏ ਬਕਾਇਆਂ ਨੂੰ ਜਥੇਬੰਦੀ ਦੇ ਵਾਰ-ਵਾਰ ਮੀਟਿੰਗਾਂ ਅਤੇ ਮੰਗ-ਪੱਤਰਾਂ ਰਾਹੀਂ ਮੰਗ ਕਰਨ ਦੇ ਬਾਵਜੂਦ ਵੀ ਲੰਮੇ ਸਮੇਂ ਤੋਂ ਸੋਧ ਕੇ ਨਾ ਪਾਉਣ, ਅਧਿਆਪਕਾਂ ਦਾ ਜਨਵਰੀ ਤੋਂ ਮਾਰਚ ਦੀ ਤਿਮਾਹੀ ਦਾ ਸਾਰਾ ਆਮਦਨ ਟੈਕਸ ਬੇਨਿਯਮੇ ਤੇ ਆਪਹੁਦਰੇ ਤਰੀਕੇ ਨਾਲ ਇੱਕੋ ਕਿਸ਼ਤ ਵਿੱਚ ਕੱਟਣ, ਕਈ ਅਧਿਆਪਕਾਂ ਦਾ ਬਣਦੇ ਟੈਕਸ ਤੋਂ ਕਾਫ਼ੀ ਵੱਧ ਆਮਦਨ ਟੈਕਸ ਕੱਟ ਕੇ ਉਹਨਾਂ ਦਾ ਵਿੱਤੀ ਨੁਕਸਾਨ ਕਰਨ, ਫੈਮਿਲੀ ਪੈਨਸ਼ਨ ਦੀ ਆਪਸ਼ਨ ਸਰਵਿਸ ਬੁੱਕ ਵਿੱਚ ਦਰਜ ਕਰਕੇ ਅਧਿਆਪਕਾਂ ਨੂੰ ਉਸ ਦੀ ਰਸੀਦ ਨਾ ਦੇਣ, ਬੀ.ਪੀ.ਈ.ਓ. ਦੇ ਅਧਿਆਪਕ ਵਿਰੋਧੀ ਰੱਵਈਏ ਅਤੇ ਜਥੇਬੰਦੀ ਨੂੰ ਨਜ਼ਰਅੰਦਾਜ਼ ਕਰਨ ਦੇ ਵਿਰੁੱਧ ਡੀ.ਟੀ.ਐੱਫ. 6 ਮਾਰਚ ਨੂੰ ਬੀ.ਪੀ.ਈ.ਓ.ਚੀਮਾਂ ਦਫਤਰ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ। ਸ੍ਰੀ ਲੌਂਗੋਵਾਲ ਨੇ ਕਿਹਾ ਕਿ ਉਕਤ ਮੰਗਾਂ-ਮਸਲਿਆਂ ਅਤੇ ਬੀ.ਪੀ.ਈ.ਓ. ਦੇ ਰੱਵਈਏ ਦੇ ਵਿਰੁੱਧ ਜਥੇਬੰਦੀ ਵੱਲੋਂ ਪੜਾਅਵਾਰ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸੇ ਕੜੀ ਤਹਿਤ ਪਹਿਲੇ ਪੜਾਅ 'ਤੇ ਬੀ.ਪੀ.ਈ.ਓ. ਦੇ ਦਫ਼ਤਰ ਵਿੱਚ ਪਿਛਲੇ ਦਿਨੀਂ 'ਹੰਕਾਰ ਤੋੜੋ ਰੈਲੀ' ਕੀਤੀ ਗਈ। ਪ੍ਰੰਤੂ ਉਸ ਤੋਂ ਬਾਅਦ ਵੀ ਉਕਤ ਅਧਿਕਾਰੀ ਨੇ ਨਾ ਤਾਂ ਆਪਣੀ ਹੈਂਕੜ ਵਿੱਚ ਜਥੇਬੰਦੀ ਨਾਲ ਕੋਈ ਸੰਵਾਦ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਨਾ ਹੀ ਉਕਤ ਮੰਗਾਂ ਵਿੱਚੋਂ ਕੋਈ ਮੰਗ ਹੀ ਪੂਰੀ ਕੀਤੀ ਹੈ। ਜਸਬੀਰ ਨਮੋਲ ਨੇ ਕਿਹਾ ਕਿ ਉਕਤ ਅਧਿਕਾਰੀ ਵੱਲੋਂ ਸਕੂਲਾਂ ਵਿੱਚ ਜਾ ਕੇ ਅਧਿਆਪਕਾਂ ਵਿੱਚ ਦਹਿਸ਼ਤ ਵਾਲਾ ਮਾਹੌਲ ਪੈਦਾ ਕਰਨ,ਅਧਿਆਪਕਾਂ ਨੂੰ ਮਾਨਸਿਕ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਕਰਨ,ਉਹਨਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਅਤੇ ਹੋਰ ਅਧਿਆਪਕ ਵਿਰੋਧੀ ਕਾਰਵਾਈਆਂ ਦੀਆਂ ਖਬਰਾਂ ਨਿਰੰਤਰ ਜਥੇਬੰਦੀ ਕੋਲ ਆ ਰਹੀਆਂ ਹਨ। ਪਿਛਲੇ ਦਿਨੀਂ ਕੱਚੇ ਅਧਿਆਪਕਾਂ ਦੀ ਸਰਵਿਸ ਵੈਰੀਫਿਕੇਸ਼ਨ ਸਮੇਂ ਵੀ ਡੀ.ਈ.ਓ. ਐਲੀਮੈਂਟਰੀ ਦੇ ਲਿਖਤੀ ਹੁਕਮਾਂ ਦੇ ਬਾਵਜੂਦ ਵੀ ਇਹ ਅਧਿਕਾਰੀ ਦੋ ਦਿਨ ਆਪਣੇ ਦਫ਼ਤਰ ਵਿੱਚ ਨਹੀਂ ਬੈਠਿਆ ਜਿਸ ਕਾਰਨ ਕੱਚੇ ਅਧਿਆਪਕਾਂ ਨੂੰ ਬਹੁਤ ਪ੍ਰੇਸ਼ਾਨੀ ਹੋਈ। ਇਸ ਤੋਂ ਇਲਾਵਾ ਉਹਨਾਂ ਦੀ ਸਰਵਿਸ ਵੈਰੀਫਿਕੇਸ਼ਨ ਵੇਲੇ ਇਸ ਅਧਿਕਾਰੀ ਨੇ ਬੇਤੁਕੇ ਪ੍ਰਫਾਰਮੇ ਜਾਰੀ ਕਰਕੇ ਵੱਖ-ਵੱਖ ਸਕੂਲਾਂ ਵਿੱਚ ਭੇਜ ਕੇ ਉਹਨਾਂ ਦੀ ਖੱਜਲ-ਖੁਆਰੀ ਕੀਤੀ। ਇਸ ਦੀਆਂ ਉਕਤ ਕਾਰਵਾਈਆਂ ਨਾਲ ਇਸ ਅਧਿਕਾਰੀ ਦਾ ਅਧਿਆਪਕ ਵਿਰੋਧੀ ਚਿਹਰਾ ਦਿਨੋ-ਦਿਨ ਸਪੱਸ਼ਟ ਹੋ ਰਿਹਾ ਹੈ ਜਿਸ ਨੂੰ ਡੀ.ਟੀ.ਐੱਫ. ਕਦਾਚਿੱਤ ਬਰਦਾਸ਼ਤ ਨਹੀਂ ਕਰੇਗੀ। ਉਹਨਾਂ ਕਿਹਾ ਕਿ 6 ਮਾਰਚ ਨੂੰ ਡੀ.ਟੀ.ਐੱਫ. ਇਸ ਅਧਿਕਾਰੀ ਦੇ ਦਫ਼ਤਰ ਦਾ ਘਿਰਾਓ ਕਰਕੇ ਬਕਾਇਆ ਪਏ ਕੰਮਾਂ ਨੂੰ ਕਰਵਾਏਗੀ ਅਤੇ ਇਸ ਅਧਿਕਾਰੀ ਨੂੰ ਆਪਣਾ ਅਧਿਆਪਕ ਵਿਰੋਧੀ ਵਤੀਰਾ ਸੁਧਾਰਨ ਦਾ ਸਖ਼ਤ ਜਥੇਬੰਦਕ ਸੁਨੇਹਾ ਦੇਵੇਗੀ।ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਜਥੇਬੰਦੀ ਦੇ ਚੀਮਾ ਬਲਾਕ ਦੇ ਮੀਤ ਪ੍ਰਧਾਨ ਰਣਬੀਰ ਜਖੇਪਲ,ਬਲਾਕ ਕਮੇਟੀ ਮੈਂਬਰਾਂ ਚੰਦਰ ਸ਼ੇਖਰ,ਜਗਤਾਰ ਲੌਂਗੋਵਾਲ,ਰਾਮ ਕ੍ਰਿਸ਼ਨ ਅਤੇ ਹਰਜੀਤ ਚੀਮਾ ਨੇ ਹਿੱਸਾ ਲਿਆ।

# ਸਿਮਰਨਜੀਤ ਸਿੰਘ ਮਾਨ ਵੱਲੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀ ਗਹਿਲਾਂ ਵਿਖੇ ਸਾਲਾਨਾ ਸ਼ਹੀਦੀ ਸਮਾਗਮ ਵਿੱਚ ਸ਼ਮੂਲੀਅਤ

ਸੰਗਰੂਰ, -ਰੋਜ਼ਾਨਾ ਸਵੇਰਾ-

ਅੱਜ ਖਾਲਸਾ ਪੰਥ ਦੇ ਲਈ ਫ਼ਕਰ ਵਾਲਾ ਦਿਹਾੜਾ ਹੈ ਕਿ ਅਸੀਂ ਆਪਣੇ ਉਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਮਨਾ ਰਹੇ ਹਾਂ, ਜਿਨ੍ਹਾਂ ਨੇ ਇਸ ਇਲਾਕੇ ਤੋਂ ਇਸ ਪਿੰਡ ਤੋਂ ਅਹਿਮਦਸ਼ਾਹ ਅਬਦਾਲੀ ਨੂੰ ਹਰਾ ਕੇ ਅਫਗਾਨੀਸਤਾਨ ਭੇਜਿਆ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅਮਿ ?ਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ ਨੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਗਹਿਲਾਂ ਵਿਖੇ ਸਾਲਾਨਾ ਸ਼ਹੀਦੀ ਸਮਾਗਮ ਦੌਰਾਨ ਮੰਚ ਤੋਂ ਸੰਬੋਧਨ ਕਰਦਿਆਂ ਕੀਤਾ।

ਐਮ.ਪੀ. ਸ. ਮਾਨ ਨੇ ਕਿਹਾ ਕਿ ਸਿੱਖ ਕੌਮ ਸ਼ੂਰਵੀਰ ਯੋਧਿਆਂ ਦੀ ਅਜਿਹੀ ਕੌਮ ਹੈ, ਜੋ ਆਪਣਾ ਦੇਸ਼ ਨਾ ਹੋਣ ਦੇ ਬਾਵਜੂਦ ਵੀ ਦੁਸ਼ਮਣ ਨਾਲ ਲੜ੍ਹ ਕੇ ਉਸਨੂੰ ਹਰਾ ਦਿੰਦੀ ਹੈ ।1762 ਵਿੱਚ ਜਦੋਂ ਅਹਿਮਦ ਸ਼ਾਹ ਅਬਦਾਲੀ ਹਿੰਦੋਸਤਾਨ ਵਿੱਚ ਆਇਆ ਸੀ, ਉਦੋਂ ਉਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ।ਬਾਬਾ



ਦੀਪ ਸਿੰਘ ਜੀ ਜਿਹੜੇ ਟਕਸਾਲ ਦਮਦਮੀ ਦੇ ਪਹਿਲੇ ਜਥੇਦਾਰ ਸੀ, ਉਨ੍ਹਾਂ ਨੇ ਮੁਕਾਬਲਾ ਕੀਤਾ ਅਤੇ ਅਹਿਮਦਸ਼ਾਹ ਅਬਦਾਲੀਆਂ ਅਤੇ ਅਫਗਾਨੀਆਂ ਨੂੰ ਦਿਖਾਇਆ ਕਿ ਸਾਡੇ ਦੇਸ਼ ਦੀ ਕੋਈ ਫੌਜ ਨਹੀਂ ਹੈ ਪਰ ਅਸੀਂ ਇੱਕ ਅਲੱਗ ਕੌਮ ਹਾਂ, ਜਿਹੜੀਆਂ ਬਿਨ੍ਹਾਂ ਦੇਸ਼ ਤੋਂ ਵੀ ਅਫਗਾਨੀ ਫੌਜਾਂ ਦਾ ਮੁਕਾਬਲਾ ਕਰ ਸਕਦੀ ਹੈ । ਦਰਬਾਰ ਸਾਹਿਬ ਦੇ ਹਮਲੇ ਤੋਂ ਬਾਅਦ ਅਫਗਾਨੀਆਂ ਦਾ ਜਬਰ ਬਹੁਤ ਤੇਜ ਹੋ ਗਿਆ । ਫਿਰ ਸਿੰਘਾਂ ਨੇ ਕੌਮ ਨੂੰ ਬਚਾਉਣ ਲਈ ਅਨੇਕਾਂ ਲੜਾਈਆਂ ਲੜੀਆਂ ਹਨ । ਦਿੱਲੀ ਦੀ ਹਕੂਮਤ ਨੇ ਜਦੋਂ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਦਮਦਮੀ ਟਕਸਾਲ ਦੇ 13ਵੇਂ ਜਥੇਦਾਰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਪੂਰਾ ਡੱਟ ਕੇ ਮੁਕਾਬਲਾ ਕੀਤਾ । ਇੰਦਰਾ ਗਾਂਧੀ ਦੀ ਹਕੂਮਤ ਨੇ ਭਾਰਤੀ ਫੌਜ ਦੇ ਨਾਲ-ਨਾਲ ਰੂਸ ਅਤੇ ਬਰਤਾਨੀਆਂ ਦੀਆਂ ਫੌਜਾਂ ਵੀ ਬੁਲਾਈਆਂ ਪਰ ਸੰਤ ਜਰਨੈਲ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਫੌਜ ਨੂੰ ਦਰਬਾਰ ਸਾਹਿਬ ਵਿੱਚ ਦਾਖਿਲ ਨਹੀਂ ਹੋਣ ਦਿੱਤਾ ।ਉਨ੍ਹਾਂ ਕਿਹਾ ਕਿ ਭਾਰਤੀ ਹਕੂਮਤ ਸਿੱਖ ਕੌਮ ਦੇ ਸਾਰੇ ਅਹਿਸਾਨਾਂ ਨੂੰ ਭੁੱਲ ਚੁੱਕੀ ਹੈ । ਭਾਰਤੀ ਹਕੂਮਤ ਨੂੰ ਬਚਾਉਣ ਲਈ ਕੀਤੀਆਂ ਕੁਰਬਾਨੀਆਂ ਨੂੰ ਵਿਸਾਰ ਚੁੱਕੀ ਹੈ ।ਇਸੇ ਕਰਕੇ ਅੱਜ ਵੀ ਸਿੱਖ ਕੌਮ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ।ਭਾਰਤ ਵਿੱਚ ਹਿੰਦੂਆਂ ਲਈ ਹੋਰ ਕਾਨੂੰਨ ਹਨ ਅਤੇ ਸਿੱਖ ਕੌਮ ਲਈ ਹੋਰ ਹਨ, ਜਿਸਦੀ ਮਿਸਾਇਲ ਬੰਦੀ ਸਿੰਘਾਂ ਨੂੰ ਸਜਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾ ਨਾ ਕਰਨ ਤੋਂ ਮਿਲਦੀ ਹੈ ।ਉਨ੍ਹਾਂ ਕਿਹਾ ਕਿ ਤੁਹਾਡਾ ਐਮ.ਪੀ. ਹੋਣ ਦੇ ਨਾਤੇ ਮੈਂ ਹਮੇਸ਼ਾ ਵਫਾਦਾਰੀ ਦੇ ਨਾਲ ਤੁਹਾਡੀ ਨੁਮਾਇੰਦਗੀ ਕੀਤੀ ਹੈ ਅਤੇ ਕਰਦਾ ਰਹਾਂਗਾ ।ਇੱਥੇ ਪਾਣੀ ਦੀ ਟੈਂਕੀ ਦੀ ਮੰਗ ਕੀਤੀ ਗਈ ਸੀ, ਜੋ ਮੇਰੇ ਐਮ.ਪੀ. ਫੰਡ ਵਿੱਚ ਦਿੱਤੀ ਜਾਵੇਗੀ ।ਬਾਕੀ ਜੋ ਹੋਰ ਵੀ ਲੋੜਾਂ ਹਨ, ਉਨ੍ਹਾਂ ਨੂੰ ਵੀ ਪੂਰਾ ਕਰਨ ਦਾ ਹਰ ਸੰਭਵ ਯਤਨ ਕਰਾਂਗਾ ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਸ. ਦਰਸ਼ਨ ਸਿੰਘ ਮੰਡੇਰ, ਸੀਨੀਅਰ ਮੀਤ ਪ੍ਰਧਾਨ ਡਾ. ਜਗਰੂਪ ਸਿੰਘ, ਮੀਤ ਪ੍ਰਧਾਨ ਪਿ ?ਸੀਪਲ ਬਲਦੇਵ ਸਿੰਘ, ਸ਼ਹਿਰੀ ਪ੍ਰਧਾਨ ਬਰਨਾਲਾ ਸਿਟੀ-2 ਗੁਰਮੀਤ ਸਿੰਘ ਮਾਂਗੇਵਾਲ, ਮਹਿਲ ਕਲਾਂ ਸਰਕਲ ਪ੍ਰਧਾਨ ਮਿੰਦਰ ਸਿੰਘ ਸਹਿਜੜਾ, ਕਿਸਾਨ ਵਿੰਗ ਦੇ ਚਮਕੌਰ ਸਿੰਘ ਸਹਿਜੜਾ, ਸਰਕਲ ਟੱਲੇਵਾਲ ਦੇ ਪ੍ਰਧਾਨ ਰਾਮ ਸਿੰਘ ਗਹਿਲ ਅਤੇ ਸਮੁੱਚੀ ਇਕਾਈ ਮੈਂਬਰ, ਲਾਭ ਸਿੰਘ ਠੀਕਰੀਵਾਲ ਸੀਨੀਅਰ ਜਥੇਦਾਰ, ਸੁਰਜੀਤ ਸਿੰਘ ਮੈਨੇਜਰ ਐਸਜੀਪੀਸੀ, ਪਰਮ ਸਿੰਘ ਅਮਲਾ ਸਿੰਘ ਵਾਲਾ ਯੂਥ ਆਗੂ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਹਾਜਰ ਸੀ ।

# ਹੋਮੀ ਭਾਬਾ ਹਸਪਤਾਲ ਦੀ ਟੀਮ ਵੱਲੋਂ ਕਸਬਾ ਲੌਂਗੋਵਾਲ ਵਿਖੇ ਦੂਸਰੇ ਮੈਡੀਕਲ ਚੈਕਅੱਪ ਕੈਂਪ ਦਾ ਆਯੋਜਨ

ਲੌਂਗੋਵਾਲ, -ਰੋਜ਼ਾਨਾ ਸਵੇਰਾ-

ਹੋਮੀ ਭਾਬਾ ਹਸਪਤਾਲ ਸੰਗਰੂਰ ਦੀ ਟੀਮ ਵੱਲੋਂ ਦੂਸਰਾ ਮੈਡੀਕਲ ਚੈਕਅੱਪ ਕੈਂਪ ਸਥਾਨਕ ਗੁਰਦੁਆਰਾ ਸਾਹਿਬ ਯਾਦਗਾਰ ਸ਼ਹੀਦਾਂ ਪੱਤੀ ਦੁੱਲਟ ਵਿਖੇ ਡਾ, ਨਗਰ ਕੌਂਸਲ ਲੌਂਗੋਵਾਲ ਦੀ ਪ੍ਰਧਾਨ ਸ੍ਰੀਮਤੀ ਪਰਮਿੰਦਰ ਕੌਰ ਬਰਾੜ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਸਮੇਂ ਡਾ.ਵੰਦੀਤਾ ਪਾਵਾ ਦੀ ਨਿਗਰਾਨੀ ਹੇਠ ਡਾਕਟਰਾਂ ਦੀ ਟੀਮ ਨੇ ਔਰਤਾਂ ਦੀਆਂ ਵੱਖ - ਵੱਖ ਬਿਮਾਰੀਆਂ ਦੀ ਜਾਂਚ ਕੀਤੀ । ਉਨ੍ਹਾਂ ਦੱਸਿਆ ਕਿ ਕਿ ਅੱਜ ਕੱਲ੍ਹ ਔਰਤਾਂ ਨੂੰ ਛਾਤੀ ਦਾ ਕੈਂਸਰ ਜਿਆਦਾ ਹੋ ਰਿਹਾ ਹੈ,ਜਿਸ ਦੀ ਕੈਂਪ ਦੌਰਾਨ ਚੰਗੀ ਤਰਾਂ ਜਾਂਚ ਕੀਤੀ ਜਾ ਰਹੀ ਹੈ ਅਤੇ ਜਿਨਾਂ ਮਰੀਜ਼ਾ ਨੂੰ ਕੈਂਸਰ ਦੀ ਸ਼ਿਕਾਇਤ ਹੁੰਦੀ ਹੈ। ਉਨਾਂ ਦਾ ਇਲਾਜ ਬਿਲਕੁਲ ਮੁਫਤ ਕੀਤਾ ਜ ?ਾਂਦ ? ?ਾ ਹੈ । ਉਨਾਂ ਕਿਹਾ ਸੈਂਕੜੇ ਕੈਂਸਰ ਪੀੜ੍ਹਤ ਔਰਤਾਂ ਇਲਾਜ ਦੌਰਾਨ ਸਿਹਤਜਾਬ ਹੋ ਚੁੱਕੀਆਂ ਹਨ। ਇਸ ਸਮੇਂ ਤਕਰੀਬਨ 200 ਦੇ ਕਰੀਬ ਔਰਤਾਂ ਦੇ ਕੈਂਸਰ ਪ੍ਰਤੀ ਜਾਂਚ ਕੀਤੀ ਗਈ ਅਤੇ ਸੈਂਪਲ ਲਏ ਗਏ ਅਤੇ ਰਿਪੋਰਟ ਆਉਣ ਤੇ ਇਲਾਜ ਸ਼ੁਰੂ ਕੀਤਾ ਜਾਵੇਗਾ।ਇਸ ਮੌਕੇ ਡਾ, ਸੋਨੀਕਾ, ਨਰਸਿੰਗ ਅਫ਼ਸਰ ਸੁਖਵਿੰਦਰ ਕੌਰ, ਕੋਆਰਡੀਨੇਟਰ ਮਨਪ੍ਰੀਤ ਸਿੰਘ, ਭਾਰਤੀ ਤੋਹਨੇ,ਨੀਤਾ ਗਾਵਡੇ, ਅਨੀਤਾ ਬਨਸੋੜੇ ਆਦਿ ਮੈਡੀਕਲ ਸਟਾਫ਼ ਨੇ ਸੇਵਾਵਾਂ ਨਿਭਾਈਆਂ ।

# ਸਲਾਨਾ ਐਥਲੈਟਿਕ ਮੀਟ ਦੀ ਸ਼ੁਰੂਆਤ ਰੰਗਾਰੰਗ ਪ੍ਰੋਗਰਾਮ ਨਾਲ ਕੀਤੀ ਗਈ

ਭੀਖੀ, -ਰੋਜ਼ਾਨਾ ਸਵੇਰਾ-



( ਕਮਲ ਜਿੰਦਲ )-ਸਥਾਨਕ ਨੈਸ਼ਨਲ ਕਾਲਜ ਭੀਖੀ ਵਿਚ ਸਲਾਨਾ ਐਥਲੈਟਿਕ ਮੀਟ ਦੀ ਸ਼ੁਰੂਆਤ ਰੰਗਾਰੰਗ ਪ੍ਰੋਗਰਾਮ ਨਾਲ ਕੀਤੀ ਗਈ। ਐਥਲੈਟਿਕ ਮੀਟ ਦੀ ਸ਼ੁਰੂਆਤ ਕਾਲਜ ਦੇ ਪ੍ਰਧਾਨ ਹਰਬੰਸ ਦਾਸ ਬਾਵਾ, ਕਮੇਟੀ ਮੈਂਬਰ ਡਾ ਰਾਜ ਕੁਮਾਰ ਅਤੇ ਹੋਰ ਕਮੇਟੀ ਮੈਂਬਰ, ਕਾਲਜ ਪ੍ਰਿੰਸੀਪਲ ਡਾ ਐਮ.ਕੇ.ਮਿਸ਼ਰਾ ਨੇ ਵਿਦਿਆਰਥੀਆਂ ਦੁਆਰਾ ਮਾਰਚ ਪਾਸਟ ਤੇ ਸਲਾਮੀ ਲੈਕੇ ਕੀਤੀ ਗਈ। ਦੋ ਦਿਨ ਚੱਲਣ ਵਾਲੀ ਐਥਲੈਟਿਕ ਮੀਟ ਦੀ ਸ਼ੁਰੂਆਤ ਪਿਛਲੇ ਸਾਲ ਦੀ ਬੈਸਟ ਐਥਲੀਟ ਰਹੀ ਹਰਪ੍ਰੀਤ ਕੌਰ ਦੁਆਰਾ ਮਿਸਾਲ ਜਗਾ ਕੇ ਕੀਤੀ ਗਈ। ਇਸ ਮੌਕੇ ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪੜਾਈ ਦੇ ਨਾਲ ਨਾਲ ਖੇਡਾਂ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਤੇ ਵਿਦਿਆਰਥੀਆਂ ਨੂੰ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਅੱਜ ਦੇ ਖੇਡ ਮੁਕਾਬਲੇ ਵਿਚ 200 ਮੀਟਰ ਰੇਸ(ਲੜਕੇ) ਵਿਚ ਜਸਪ੍ਰੀਤ ਸਿੰਘ, ਇਕਬਾਲ ਸਿੰਘ, ਗੁਰਪ੍ਰੀਤ ਸਿੰਘ ਨੇ ਪਹਿਲਾਂ, ਦੂਜਾ, ਤੀਜਾ,400 ਮੀਟਰ( ਲੜਕੀਆਂ) ਜਸਪ੍ਰੀਤ ਕੌਰ, ਰਸ਼ਨਪ੍ਰੀਤ ਕੌਰ,ਸਰਸਵਤੀ ਨੇ ਪਹਿਲਾਂ,ਦੂਜਾ, ਤੀਜਾ,800 ਮੀਟਰ(ਲੜਕੇ) ਨਵਦੀਪ ਸਿੰਘ, ਲਵਪ੍ਰੀਤ ਸਿੰਘ,ਜਗਦੀਪ ਸਿੰਘ ਨੇ ਕ੍ਰਮਵਾਰ ਪਹਿਲਾ,ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਐਥਲੈਟਿਕ ਮੀਟ ਕੋਆਰਡੀਨੇਟਰ ਪ੍ਰੋ. ਗੁਰਤੇਜ ਸਿੰਘ ਤੇਜੀ ਅਤੇ ਪ੍ਰੋ. ਹਰਬੰਸ ਸਿੰਘ ਦੀ ਦੇਖ ਰੇਖ ਹੇਠ ਹੋ ਰਹੀ ਹੈ। ਇਸ ਮੌਕੇ ਮੀਡੀਆ ਕਰਮਚਾਰੀਆਂ ਦੁਆਰਾ ਐਥਲੈਟਿਕ ਮੀਟ ਨੂੰ ਕਵਰ ਕੀਤਾ ਗਿਆ।

# ਥਾਣਾ ਭਵਾਨੀਗੜ੍ਹ ਵਿਖੇ ਭਤੀਜੇ ਦਾ ਕਾਤਲ ਚਾਚਾ ਗ੍ਰਿਫਤਾਰ

ਸੰਗਰੂਰ, -ਰੋਜ਼ਾਨਾ ਸਵੇਰਾ-

ਸ੍ਰੀ ਸੁਰੇਂਦਰ ਲਾਂਬਾ IPS, ਐਸ.ਐਸ.ਪੀ. ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਭਵਾਨੀਗੜ੍ਹ ਪਿੰਡ ਫੁੰਮਣਵਾਲ ਵਿਖੇ ਹੋਏ ਕਤਲ ਦੇ ਸਬੰਧ ਵਿੱਚ ਚਾਚਾ ਗ੍ਰਿਫਤਾਰ ਕੀਤਾ ਗਿਆ ਹੈ।ਸ੍ਰੀ ਸੁਰੇਂਦਰ ਲਾਂਬਾ ਆਈ.ਪੀ.ਐਸ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 21.02.2023 ਨੂੰ ਦਵਿੰਦਰ ਸਿੰਘ ਪੁੱਤਰ ਭਜਨ ਸਿੰਘ ਵਾਸੀ ਫੁੰਮਣਵਾਲ ਨੇ ਇਤਲਾਹ ਦਿੱਤੀ ਕਿ ਮਿਤੀ 19.02.23 ਨੂੰ ਉਸਦਾ ਚਾਚਾ ਗੁਰਜੰਟ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਫੁੰਮਣਵਾਲ ਸਮੇਤ ਉਸਦਾ ਭਰਾ ਸਰਬਜੀਤ ਸਿੰਘ ਉਰਫ ਰਾਜੀ ਦੇ ਆਪਣੀ ਵੱਛੀ ਨੂੰ ਅਨਾਜ ਮੰਡੀ ਛੱਡਣ ਆਏ ਸੀ। ਮੁਦੱਈ ਦਾ ਚਾਚਾ ਵੱਛੀ ਛੱਡ ਕੇ ਘਰ ਆ ਗਿਆ ਸੀ, ਪ੍ਰੰਤੂ ਉਸਦਾ ਭਰਾ ਘਰ ਵਾਪਸ ਨਹੀ ਆਇਆ। ਜਿਸ ਸਬੰਧੀ ਮਿਤੀ 20.02.2023 ਨੂੰ ਕਈ ਵਾਰ ਮੁਦੱਈ ਆਪਣੇ ਚਾਚੇ ਦੇ ਘਰ ਆਪਣੇ ਭਰਾ



ਬਾਰੇ ਪੁੱਛਣ ਗਿਆ ਜੋ ਸ਼ਰਾਬ ਦੇ ਨਸ਼ੇ ਵਿੱਚ ਪਿਆ ਸੀ। ਮਿਤੀ 21.02.2023 ਨੂੰ ਵਕਤ 8.30 1$ ਪਰ ਪਤਾ ਲੱਗਾ ਕਿ ਸਰਬਜੀਤ ਸਿੰਘ ਉਰਫ ਰਾਜੀ ਦੀ ਲਾਸ਼ ਪਿੰਡ ਰਾਜਪੁਰਾ ਦੀ ਹੱਡਾ ਰੋੜੀ ਵਿੱਚ ਪਈ ਹੈ। ਜਿਸਦਾ ਚਿਹਰਾ, ਸੱਜੀ ਬਾਂਹ ਅਤੇ ਛਾਤੀ ਕੁੱਤਿਆਂ ਵੱਲੋ ਖਾਧੀ ਹੋਈ ਸੀ ਤਾਂ ਸ:ਥ: ਸੁਰਜੀਤ ਸਿੰਘ ਥਾਣਾ ਭਵਾਨੀਗੜ੍ਹ ਵੱਲੋਂ ਮੌਕਾ ਪਰ ਪਹੁੰਚ ਕੇ ਮੁਦੱਈ ਦੇ ਬਿਆਨ ਪਰ ਉਸ ਦੇ ਭਰਾ ਦੀ ਅਚਾਨਕ ਤੇ ਕੁਦਰਤੀ ਮੌਤ ਹੋਣ ਸਬੰਧੀ 174 ਜਾਬਤਾ ਫੌਜਦਾਰੀ ਤਹਿਤ ਕਾਰਵਾਈ ਕਰਕੇ ਲਾਸ਼ ਦਾ ਪੋਸਟਮਾਰਟਮ ਕਰਵਾਕੇ ਅੰਤਿਮ ਸੰਸਕਾਰ ਲਈ ਵਾਰਸਾਂ ਦੇ ਹਵਾਲੇ ਕਰ ਦਿੱਤੀ ਸੀ। ਮ੍ਰਿਤਕ ਦੇ ਭਰਾ ਦਵਿੰਦਰ ਸਿੰਘ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਸਦੇ ਚਾਚੇ ਗੁਰਜੰਟ ਸਿੰਘ ਉਕਤ ਨੇ ਅਨਾਜ ਮੰਡੀ ਤੋਂ ਵਾਪਸੀ ਸਮੇਂ ਉਸਦੇ ਭਰਾ ਨੂੰ ਬਹੁਤ ਜਿਆਦਾ ਸ਼ਰਾਬ ਪਿਆ ਕਰ ਉਸਦੇ ਸਿਰ ਵਿੱਚ ਇੱਟਾਂ ਮਾਰ ਕੇ ਮਾਰ ਦਿੱਤਾ ਅਤੇ ਉਸਨੂੰ ਰਾਜਪੁਰਾ ਹੱਡਾ ਰੋੜੀ ਵਿਖੇ ਸੁੱਟ ਕੇ ਘਰ ਵਾਪਸ ਆ ਗਿਆ। ਜਿਥੇ ਉਸ ਦੇ ਭਰਾ ਦੀ ਮੌਤ ਹੋ ਗਈ ਤੇ ਕੁੱਤਿਆਂ ਵੱਲੋਂ ਉਸ ਦਾ ਚਿਹਰਾ, ਸੱਜੀ ਬਾਂਹ ਅਤੇ ਛਾਤੀ ਨੋਚਕੇ ਖਾਧੀ ਹੋਈ ਸੀ। ਵਜਾ ਰੰਜਿਸ ਇਹ ਹੈ ਕਿ 02 ਸਾਲ ਪਹਿਲਾਂ ਇਨ੍ਹਾਂ ਦੀ ਲੜਾਈ ਹੋਈ ਸੀ, ਜਿਥੇ ਮ੍ਰਿਤਕ ਸਰਬਜੀਤ ਸਿੰਘ ਉਰਫ ਰਾਜੀ ਨੇ ਗੁਰਜੰਟ ਸਿੰਘ ਦੀ ਕੁੱਟ ਮਾਰ ਕੀਤੀ ਸੀ। ਜਿਸ ਸਬੰਧੀ ਮੁਕੱਦਮਾ ਨੰਬਰ 37 ਮਿਤੀ 22.02.2023 ਅ/ਧ 302 ਹਿੰ:ਡੰ: ਥਾਣਾ ਭਵਾਨੀਗੜ੍ਹ ਬਰਖਿਲਾਫ ਗੁਰਜੰਟ ਸਿੰਘ ਉਕਤ ਦਰਜ ਰਜਿਸਟਰ ਕੀਤਾ ਗਿਆ ਸੀ।ਮੁੱਖ ਅਫਸਰ ਥਾਣਾ ਭਵਾਨੀਗੜ੍ਹ ਸਮੇਤ ਪੁਲਿਸ ਪਾਰਟੀ ਵੱਲੋਂ ਦੌਰਾਨੇ ਤਫਤੀਸ਼ ਤੁਰੰਤ ਕਾਰਵਾਈ ਕਰਦੇ ਹੋਏ ਮੁਕੱਦਮਾ ਵਿੱਚ ਦੋਸੀ ਨੂੰ ਗ੍ਰਿਫਤਾਰ ਕੀਤਾ ਗਿਆ। ਤਫਤੀਸ਼ ਜਾਰੀ ਹੈ।

# ਛੱਪੜ ਦਾ ਗੰਦਾ ਪਾਣੀ ਘਰਾਂ ਵਿੱਚ ਵੜਨ ਦਾ ਖਦਸ਼ਾ



ਦੇਵੀਗੜ੍ਹ, -ਰੋਜ਼ਾਨਾ ਸਵੇਰਾ-

ਦੇਵੀਗੜ੍ਹ ਨੇੜਲੇ ਪਿੰਡ ਜੁਲਕਾਂ ਵਿੱਚ ਪਿੰਡ ਦੇ ਪੱਛਮ ਵਾਲੇ ਪਾਸੇ ਦੇ ਛੱਪੜ ਦਾ ਪਾਣੀ ਉੱਛਲਣ ਕਰ ਕੇ ਛੱਪੜ ਦੇ ਕੰਢੇ ਵੱਸੇ ਘਰਾਂ 'ਚ ਵੜਨ ਨੂੰ ਤਿਆਰ ਹੈ, ਜਿਸ ਕਾਰਨ ਬਹੁਤ ਸਾਰੇ ਘਰਾਂ ਦੇ ਲੋਕ ਇਸ ਗੰਦੇ ਪਾਣੀ ਤੋਂ ਬਹੁਤ ਪ੍ਰੇਸ਼ਾਨ ਹਨ।

ਇਸ ਸਬੰਧੀ ਪਿੰਡ ਦੇ ਜਸਵਿੰਦਰ ਸਿੰਘ ਨੰਬਰਦਾਰ, ਸੁਖਦੇਵ ਸਿੰਘ, ਅਰਜਨ ਸਿੰਘ, ਰੋਹਤਾਸ਼, ਸੰਪੂਰਨ, ਦਲਜੀਤ ਨੰਬਰਦਾਰ, ਬਿੰਦਰ, ਸ਼ੇਰ ਸਿੰਘ, ਅਮਰੀਕ ਸਿੰਘ, ਨਰੇਸ਼ ਕੁਮਾਰ, ਤਾਰਾ, ਨੈਬ ਕੁਮਾਰ, ਅਮਨ ਤੇ ਚਰਨ ਦਾਸ ਨੇ ਦੱਸਿਆ ਕਿ ਪਿੰਡ ਦੇ ਪੱਛਮ ਵਾਲੇ ਪਾਸੇ ਦਾ ਛੱਪੜ ਦੋ ਵਿਘੇ 'ਚ ਬਣਿਆ ਹੋਇਆ ਹੈ ਅਤੇ ਇਸ ਦੀ ਖੁਦਾਈ ਹੋਣ ਵਾਲੀ ਹੈ। ਇਸ ਛੱਪੜ ਵਿੱਚ ਪਿੰਡ ਦੇ ਕਾਫੀ ਹਿੱਸੇ ਦਾ ਗੰਦਾ ਪਾਣੀ ਇਸ ਛੱਪੜ ਵਿੱਚ ਆਉਂਦਾ ਹੈ, ਜੋ ਕਿ ਓਵਰ ਫਲੋਅ ਹੋ ਕੇ ਨਾਲ ਲੱਗਦੇ ਘਰਾਂ ਵਿੱਚ ਵੜਨ ਨੂੰ ਤਿਆਰ ਹੈ।

ਇਸ ਕਾਰਨ ਲੋਕ ਬਹੁਤ ਪ੍ਰੇਸ਼ਾਨ ਹਨ। ਇਸ ਕਰਕੇ ਹੀ ਕੁਝ ਲੋਕ ਪਿੰਡ ਦੀਆਂ ਨਾਲੀਆਂ ਦਾ ਪਾਣੀ ਜੋ ਇਸ ਛੱਪੜ ਵਿੱਚ ਆਉਂਦਾ ਹੈ, ਨੂੰ ਨੱਕਾ ਲਗਾ ਕੇ ਬੰਦ ਕਰ ਦਿੰਦੇ ਹਨ, ਜਿਸ ਕਰਕੇ ਇਹ ਗੰਦਾ ਪਾਣੀ ਫਿਰਨੀ ਤੇ ਨਾਲ ਲਗਦੀ ਸੜਕ ਵਿੱਚ ਭਰ ਜਾਂਦਾ ਹੈ ਅਤੇ ਇਥੋਂ ਦੀ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਛੱਪੜ ਦੇ ਗੰਦੇ ਪਾਣੀ ਦੇ ਨਿਕਾਸ ਲਈ ਸੀਵਰੇਜ ਪਾਇਆ ਜਾਵੇ ਜਾਂ ਫਿਰ ਇਸ ਛੱਪੜ ਤੋਂ ਵੱਡੇ ਛੱਪੜ ਤੱਕ ਪਾਈਪ ਲਾਈਨ ਪਾ ਕੇ ਗੰਦੇ ਪਾਣੀ ਦੀ ਨਿਕਾਸੀ ਕੀਤੀ ਜਾਵੇ ਜਾਂ ਫਿਰ ਇਸ ਛੱਪੜ ਵਿੱਚ ਬੋਰ ਕੀਤੇ ਜਾਣ ਤੋਂ ਇਲਾਵਾ ਇਸ ਦਾ ਪਾਣੀ ਘੱਗਰ ਦਰਿਆ ਵਿੱਚ ਪਾਇਆ ਜਾਵੇ ਤਾਂ ਹੀ ਲੋਕਾਂ ਨੂੰ ਗੰਦੇ ਪਾਣੀ ਤੋਂ ਨਿਜ਼ਾਤ ਮਿਲ ਸਕਦੀ ਹੈ ਨਹੀਂ ਤਾਂ ਇਥੇ ਬਿਮਾਰੀ ਫੈਲ ਸਕਦੀ ਹੈ।

# ਮੋਟਰਸਾਈਕਲ ਚੋਰ ਗਰੋਹ ਦਾ ਇੱਕ ਮੈਂਬਰ ਗ੍ਰਿਫਤਾਰ ਦੋ ਫ਼ਰਾਰ

ਰਾਮਾਂ ਮੰਡੀ, 23 ਫਰਵਰੀ -ਪ੍ਰੈਸ ਕੀ ਤਾਕਤ ਬਿਊਰੋ-

ਬੀਤੇ ਦਿਨੀਂ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੇ ਰਾਮਸਰਾ ? ਗੇਟ ਨੇੜਿਓਂ ਮੋਟਰਸਾਈਕਲ ਚੋਰੀ ਕਰਨ ਵਾਲੇ ਗਰੋਹ ਦੇ ਇੱਕ ਮੈਂਬਰ ਨੂੰ ਰਿਫਾਇਨਰੀ ਪੁਲਿਸ ਚੌਂਕੀ ਨੇ 72 ਘੰਟਿਆਂ ਵਿੱਚ ਹੀ ਚੋਰੀ ਹੋਏ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਚੌਂਕੀ ਇੰਚਾਰਜ ਬੇਅੰਤ ਸਿੰਘ ਨੇ ਦੱਸਿਆ ਕਿ ਸੁਮਿੰਦਰ ਸਿੰਘ ਵਾਸੀ ਰਾਮਸਰਾ ਵੱਲੋਂ ਉਸਦਾ ਮੋਟਰਸਾਈਕਲ ਸਪਲੈਂਡਰ ਪਲੱਸ, ਰੰਗ ਸਿਲਵਰ ਨੰ.ਪੀ ਬੀ 03 ਏ ਐਮ-2219 ਰਿਫਾਇਨਰੀ ਦੀ ਪਾਰਕਿੰਗ ਵਿੱਚੋਂ ਦਿਨਦਿਹਾੜੇ ਚੋਰੀ ਹੋਣ ਸਬੰਧੀ ਸ਼ਿਕਾਇਤ ਮਿਲੀ ਸੀ। ਜਿਸ ਤੇ ਤੁਰੰਤ ਕਾਰਵਾਈ ਕਰਕੇ ਸਹਾਇਕ ਥਾਣੇਦਾਰ ਬਲਜਿੰਦਰ ਸਿੰਘ ਨੇ ਚੋਰ ਗਰੋਹ ਦੇ ਤਿੰਨ ਮੈਂਬਰਾਂ ਗੁਰਪ੍ਰੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਸੰਦੀਪ ਸਿੰਘ ਵਾਸੀਆਨ ਤਰਖਾਣਵਾਲਾ ਨੂੰ ਨਾਮਜ਼ਦ ਕਰਕੇ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਚੋਰੀ ਕੀਤਾ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਗਿਆ ਹੈ। ਬਾਕੀ ਦੋ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ।

# ਪੰਜਾਬ ਦਾ ਬਦਲਾਅ ਗਿਆਰਾਂ ਮਹੀਨਿਆਂ ਵਿੱਚ ਹੀ ਬੌਂਦਲਿਆ: ਪ੍ਰਤਾਪ ਬਾਜਵਾ

## 'ਕੱਟੜ ਈਮਾਨਦਾਰ' ਸਰਕਾਰ ਦਾ ਦੋਹਰਾ ਚਿਹਰਾ ਸਾਹਮਣੇ ਆਉਣ ਦਾ ਕੀਤਾ ਦਾਅਵਾ

ਚੰਡੀਗੜ੍ਹ, -ਰੋਜ਼ਾਨਾ ਸਵੇਰਾ-

ਸੀਨੀਅਰ ਕਾਂਗਰਸੀ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਜੰਗਲ-ਰਾਜ ਵੱਲ ਵਧਣ ਦੀ ਗੱਲ ਕਰਦਿਆਂ ਪੈਦਾ ਹੋ ਰਹੇ ਹਾਲਾਤ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਚੌਂਕੀਮਾਨ ਨੇੜੇ ਆਪਣੇ ਨੇੜਲੇ ਸਾਥੀ ਇੰਜਨੀਅਰ ਜਗਦੀਪ ਸਿੰਘ ਦੇ ਦਫ਼ਤਰ ਪੁੱਜੇ ਸ੍ਰੀ ਬਾਜਵਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਦਲਾਅ ਦੇ ਨਾਅਰੇ ਨਾਲ ਵੱਡਾ ਫਤਵਾ ਲੈ ਕੇ ਸੱਤਾ 'ਚ ਆਈ 'ਕੱਟੜ ਈਮਾਨਦਾਰ' ਸਰਕਾਰ ਦਾ ਅਸਲ ਚਿਹਰਾ ਇਕ ਸਾਲ ਵਿੱਚ ਹੀ ਸਾਹਮਣੇ ਆ ਗਿਆ ਹੈ। ਗਿਆਰਾਂ ਮਹੀਨਿਆਂ ਵਿੱਚ ਹੀ 'ਬਦਲਾਅ' ਖ਼ੁਦ ਬੌਂਦਲ ਗਿਆ ਹੈ। ਅਜਨਾਲਾ ਘਟਨਾ 'ਤੇ ਚਿੰਤਾ ਜ਼ਾਹਿਰ ਕਰਦਿਆਂ ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ 'ਚ ਬੜੀ ਮੁਸ਼ਕਲ ਨਾਲ ਅਮਨ ਕਾਨੂੰਨ ਦੀ ਸਥਿਤੀ ਬਹਾਲ ਕੀਤੀ ਗਈ ਸੀ, ਪਰ ਸੂਬੇ 'ਚ ਨਿੱਤ ਦਿਨ ਵਾਪਰ ਰਹੀਆਂ ਹਿੰਸਕ ਘਟਨਾਵਾਂ ਨੇ ਸੂਬਾ ਵਾਸੀਆਂ ਨੂੰ ਡਰਾ ਦਿੱਤਾ ਹੈ। 'ਆਪ' ਵਿਧਾਇਕਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣਾ ਆਮ ਆਦਮੀ ਪਾਰਟੀ 'ਤੇ ਸਵਾਲ ਖੜ੍ਹੇ ਕਰਦਾ ਹੈ। ਵਿਧਾਇਕ ਅਮਿਤ ਰਤਨ 'ਤੇ ਛਾਪਾਮਾਰੀ ਸਰਕਾਰ ਦੀ ਮਨਜ਼ੂਰੀ ਨਾਲ ਹੀ ਹੋਈ ਸੀ, ਪਰ ਦਿੱਲੀ ਤੋਂ ਆਏ ਹੁਕਮਾਂ ਮਗਰੋਂ ਸਭ ਕੁਝ ਬਦਲਣ ਦੀ ਕੋਸ਼ਿਸ਼ ਹੋਣ ਲੱਗੀ, ਪਰ ਵਿਰੋਧੀ ਧਿਰ ਦੇ ਦਬਾਅ ਕਾਰਨ ਅਜਿਹਾ ਸੰਭਵ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਪਹਿਲਾਂ ਸਰਾਰੀ ਮਾਮਲੇ 'ਚ ਵੀ ਅਜਿਹੇ ਦੋਹਰੇ ਮਾਪਦੰਡ ਅਪਣਾਏ ਗਏ ਸਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਰਕਾਰ ਦੇ ਵਿਧਾਇਕਾਂ ਦੀਆਂ ਕਾਰਗੁਜ਼ਾਰੀਆਂ 'ਤੇ ਨਜ਼ਰ ਰੱਖਣ।

# ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਆਪ ਤੇ ਸ਼੍ਰੋਮਣੀ ਅਕਾਲੀ ਦਲ ਆਹਮੋ-ਸਾਹਮਣੇ

ਚੰਡੀਗੜ੍ਹ, -ਰੋਜ਼ਾਨਾ ਸਵੇਰਾ-

, ਕੋਟਕਪੂਰਾ ਗੋਲੀ ਕਾਂਡ ਦੀ ਚਾਰਜਸ਼ੀਟ ਨੂੰ ਲੈ ਕੇ 'ਆਪ' ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਆਹਮੋ-ਸਾਹਮਣੇ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਚਾਰਜਸ਼ੀਟ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ ਜਦੋਂ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਡਾ. ਇੰਦਰਬੀਰ ਸਿੰਘ ਨਿੱਝਰ ਨੇ ਸਪਸ਼ਟ ਤੌਰ 'ਤੇ ਆਖਿਆ ਕਿ ਇਸ 'ਚ ਕੋਈ ਸਿਆਸੀ ਦਾਖਲਅੰਦਾਜ਼ੀ ਨਹੀਂ ਹੋਈ ਹੈ। ਜ਼ਿਕਰਯੋਗ ਹੈ ਕਿ ਅੱਜ ਪੁਲੀਸ ਨੇ ਕੋਟਕਪੂਰਾ ਗੋਲੀ ਕਾਂਡ ਦੀ ਸੱਤ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਬਾਦਲ ਪਰਿਵਾਰ ਨੂੰ ਨਿਸ਼ਾਨੇ 'ਤੇ ਰੱਖਿਆ ਹੈ ਅਤੇ ਇਹ ਨਿਰੋਲ ਰੂਪ ਵਿਚ ਸਿਆਸਤ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਇਹ ਘਟਨਾ ਵਾਪਰੀ ਸੀ, ਉਸ ਦਿਨ ਉਹ ਤਾਂ ਪੰਜਾਬ ਤੋਂ ਬਾਹਰ ਸਨ ਅਤੇ ਉਨ੍ਹਾਂ ਦੀ ਕਿਸੇ ਅਫ਼ਸਰ ਨਾਲ ਗੱਲ ਵੀ ਨਹੀਂ ਹੋਈ। ਉਨ੍ਹਾਂ ਨੂੰ ਅਦਾਲਤਾਂ 'ਤੇ ਪੂਰਨ ਭਰੋਸਾ ਅਤੇ ਪਹਿਲਾਂ ਵੀ ਅਦਾਲਤਾਂ 'ਚੋਂ ਨਿਆਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵਿਚ ਅਜਿਹੇ ਮਾਮਲੇ ਪਹਿਲਾਂ ਵੀ ਆਏ ਸਨ ਜਿਨ੍ਹਾਂ ਵਿਚ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋਇਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਇਨਸਾਫ਼ ਮੋਰਚੇ ਵਿੱਚ ਕੁਲਤਾਰ ਸਿੰਘ ਸੰਧਵਾਂ ਗਏ ਸਨ ਅਤੇ ਉਨ੍ਹਾਂ ਮਗਰੋਂ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਗਏ ਸਨ ਜਿਨ੍ਹਾਂ ਨੇ ਉਨ੍ਹਾਂ ਦਾ ਨਾਂ ਇਸ ਮਾਮਲੇ ਵਿਚ ਸ਼ਾਮਿਲ ਕਰਾਇਆ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਡਰ ਨਹੀਂ ਹੈ।

ਕਾਬਿਲੇਗੌਰ ਹੈ ਕਿ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿੱਚ ਚਾਰਜਸ਼ੀਟ ਦਾਖਲ ਹੋਣ ਮਗਰੋਂ ਪੰਜਾਬ ਵਿਚ ਸਿਆਸਤ ਮੁੜ ਗਰਮਾ ਗਈ। ਇਹ ਮੁੱਦਾ ਹਰ ਛੋਟੀ ਵੱਡੀ ਚੋਣ ਵਿਚ ਗੂੰਜਦਾ ਰਿਹਾ ਹੈ ਤੇ ਮੌਜੂਦਾ ਸਰਕਾਰ 'ਤੇ ਵੀ ਇਸ ਮਾਮਲੇ 'ਚ ਦੇਰੀ ਨੂੰ ਲੈ ਕੇ ਉਂਗਲ ਉੱਠ ਰਹੀ ਸੀ। ਪੁਲੀਸ ਅਧਿਕਾਰੀ ਐਲ.ਕੇ.ਯਾਦਵ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਇਸ ਗੋਲੀ ਕਾਂਡ ਦੀ ਚਾਰਜਸ਼ੀਟ ਦਾਖਲ ਕੀਤੀ ਹੈ। ਅੱਜ ਇਸੇ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਡਾ.ਇੰਦਰਬੀਰ ਸਿੰਘ ਨਿੱਝਰ ਨੇ ਸਾਂਝੇ ਤੌਰ 'ਤੇ ਪ੍ਰੈੱਸ ਕਾਨਫ਼ਰੰਸ ਕੀਤੀ ਅਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਨੂੰ ਲੈ ਕੇ ਵਿਸ਼ੇਸ਼ ਜਾਂਚ ਟੀਮ ਨੂੰ ਨਿਰਪੱਖ ਤਰੀਕੇ ਨਾਲ ਕੰਮ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਇਲਜ਼ਾਮਾਂ ਵਿਚ ਕੋਈ ਸੱਚਾਈ ਨਹੀਂ ਹੈ ਅਤੇ ਇਸ ਜਾਂਚ ਵਿਚ ਕਿਸੇ ਵੀ ਤਰ੍ਹਾਂ ਦਾ ਕੋਈ ਸਿਆਸੀ ਦਖਲ ਨਹੀਂ ਰਿਹਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸਾਢੇ ਸੱਤ ਵਰ੍ਹਿਆਂ ਤੋਂ ਲਟਕ ਰਹੇ ਮਸਲੇ ਨੂੰ ਨੇਪਰੇ ਚਾੜ੍ਹਿਆ ਹੈ ।

## ਟ੍ਰੈਫਿਕ ਪੁਲਿਸ ਨੇ 2 ਮੋਟਰਸਾਈਕਲ ਥਾਣੇ ਬੰਦ ਕੀਤੇ ਅਤੇ ਚਾਰ ਦੇ ਚਲਾਨ



ਰਾਮਾ ਮੰਡੀ,
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਜਿਲੇ ਅੰਦਰ ਵੱਧ ਰਹੀਆਂ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਸਖ਼ਤੀ ਨਾਲ ਲੈਂਦੇ ਹੋਏ ਜ਼ਿਲਾ ਸੀਨੀਅਰ ਪੁਲਿਸ ਕਪਤਾਨ ਗੁਰਲੀਨ ਖੁਰਾਨਾ ਅਤੇ ਉੱਪ ਕਪਤਾਨ ਬੂਟਾ ਸਿੰਘ ਗਿੱਲ ਤਲਵੰਡੀ ਸਾਬੋ ਦੀਆਂ ਹਦਾਇਤਾਂ ਅਨੁਸਾਰ ਰਾਮਾਂ ਥਾਣਾ ਪ੍ਰਮੁੱਖ ਅੰਗਰੇਜ਼ ਸਿੰਘ ਦੀ ਅਗਵਾਈ ਹੇਠ ਟ੍ਰੈਫਿਕ ਇੰਚਾਰਜ਼ ਬਲਕਰਨ ਸਿੰਘ ਵੱਲੋਂ ਰਾਮਸਰਾ ਰੇਲਵੇ ਫਾਟਕ ਨੇੜੇ ਨਾਕਾ ਲਗਾ ਕੇ ਅੱਜ ਸਪੈਸ਼ਲ ਮੋਟਰਸਾਈਕਲਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਮੋਟਰਸਾਈਕਲਾਂ ਤੇ ਤਿੰਨ ਸਵਾਰੀਆਂ ਅਤੇ ਚੱਲਦੇ ਬਾਈਕ ਤੇ ਮੋਬਾਇਲ ਦੀ ਵਰਤੋਂ ਕਰਨ ਦੇ ਦੋਸ਼ਾਂ ਹੇਠ ਚਾਰ ਮੋਟਰਸਾਈਕਲਾਂ ਦੇ ਚਲਾਨ ਕੱਟੇ ਗਏ ਅਤੇ ਬਿਨਾਂ ਕਾਗਜ਼ ਪੱਤਰਾਂ ਵਾਲੇ ਦੋ ਮੋਟਰਸਾਇਕਲ ਥਾਣੇ ਬੰਦ ਕੀਤੇ ਗਏ। ਥਾਣਾ ਮੁਖੀ ਅੰਗਰੇਜ਼ ਸਿੰਘ ਨੇ ਕਿਹਾ ਕਿ ਬਿਨਾਂ ਨੰਬਰ ਪਲੇਟਾਂ ਅਤੇ ਬਿਨਾਂ ਕਾਗਜ਼ ਵਾਹਨ ਚਲਾਉਣ ਵਾਲਿਆਂ ਦੀ ਹੁਣ ਖੈਰ ਨਹੀਂ ਕਿਉਂਕਿ ਇਹ ਚਾਲਕ ਮੋਟਰਸਾਈਕਲਾਂ ਤੇ ਤਿੰਨ ਤਿੰਨ ਸਵਾਰੀਆਂ ਬਿਠਾ ਕੇ ਜਿੱਥੇ ਰਾਹਗੀਰਾਂ ਦੀ ਲੁੱਟ ਖੋਹ ਕਰਨ ਰਹੇ ਹਨ ਉੱਥੇ ਟ੍ਰੈਫਿਕ ਨਿਯਮਾਂ ਦੀਆਂ ਵੀ ਧੱਜੀਆਂ ਉਡਾ ਰਹੇ ਹਨ।

ਇਸ ਮੌਕੇ ਟ੍ਰੈਫਿਕ ਮੁਲਾਜ਼ਮ ਹੋਲਦਾਰ ਗੁਰਪ੍ਰੀਤ ਸਿੰਘ ਅਤੇ ਹੋਲਦਾਰ ਅਵਤਾਰ ਸਿੰਘ ਹਾਜ਼ਰ ਸਨ।

## ਪਾਵਰਕੌਮ ਵੱਲੋਂ ਬੀ.ਟੈੱਕ ਪਾਸ ਨੌਜਵਾਨਾਂ ਨਾਲ ਧੱਕਾ, ਪੋਸਟਾਂ ਅਪਲਾਈ ਕਰਨ ’ਤੇ ਰੋਕ

ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪਾਵਰਕੌਮ ਮੈਨੇਜਮੈਂਟ ਵੱਲੋਂ ਜਿਥੇ ਨਵੇਂ ਨਵੇਂ ਨੋਟੀਫਿਕੇਸ਼ਨ ਅਤੇ ਹੁਕਮ ਜਾਰੀ ਕਰਕੇ ਮੁਲਾਜਮ ਵਰਗ ਨੂੰ ਧਰਨੇ ਮੁਜਾਹਰੇ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਉਥੇ ਹੀ ਹੁਣ ਬੀਟੈੱਕ ਪਾਸ ਡਿਗਰੀ ਹੋਲਡਰ ਨੌਜਵਾਨਾਂ ਨਾਲ ਵੱਡਾ ਧੱਕਾ ਕੀਤਾ ਹੈ। ਪਾਵਰਕੌਮ ਵੱਲੋਂ ਉੱਚ ਯੋਗਤਾ ਬੀਟੈੱਕ (ਇਲਕੈਟ੍ਰੀਕਲ ਡਿਗਰੀ) ਨੂੰ ਮਾਨਤਾ ਨਾ ਦੇ ਘੱਟ ਯੋਗਤਾ (ਇਲੈਕਟ੍ਰੀਕਲ ਡਿਪਲੋਮਾ ਹੋਲਡਰ) ਨੂੰ ਮਾਨਤਾ ਦੇ ਕੇ ਉੱਚ ਯੋਗਤਾ ਨੌਜਵਾਨਾਂ ਨੂੰ ਬੇਰੁਜਗਾਰੀ ਵੱਲ ਧਕੇਲਿਆ ਜਾ ਰਿਹਾ ਹੈ ਕਿਉਂਕਿ ਪਾਵਰਕੌਮ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਹੁਣ ਬੀਟੈੱਕ ਪਾਸ ਡਿਗਰੀ ਹੋਲਡਰ ਨੌਜਵਾਨ ਜੇ.ਈ. ਦੀਆਂ ਪੋਸਟਾਂ ਨਹੀਂ ਭਰ ਸਕਣਗੇ ਜਿਸ ਕਰਕੇ ਇਨ੍ਹਾਂ ਨੌਜਵਾਨਾਂ ਵਿੱਚ ਭਾਰੀ ਰੋਸ਼ ਪਾਇਆ ਜਾ ਰਿਹਾ ਹੈ।

ਜੇ.ਈ. ਦੀਆਂ ਆਸਾਮੀਆਂ ਸਬੰਧੀ ਪਾਵਰਕੌਮ ਨੇ 10 ਫਰਵਰੀ 2023 ਨੂੰ ਦਫਤਰੀ ਹੁਕਮ ਨੰਬਰ 1084 ਜਾਰੀ ਕੀਤਾ ਹੈ ਜਿਸ ਵਿੱਚ ਦੱਸਿਆ ਹੈ ਕਿ ਇਨ੍ਹਾਂ ਪੋਸਟਾਂ ਲਈ ਸਿਰਫ ਇਲੈਕਟ੍ਰੀਕਲ ਡਿਪਲੋਮਾ ਹੋਲਡਰ ਹੀ ਅਪਲਾਈ ਕਰ ਸਕਦਾ ਹੈ ਜਿਸ ਕਾਰਨ ਬੀਟੈੱਕ ਡਿਗਰੀ ਹੋਲਡਰ ਨੌਜਵਾਨ ਇਹ ਪੋਸਟਾਂ ਅਪਲਾਈ ਨਹੀਂ ਕਰ ਸਕਦੇ ਅਤੇ ਬੀਟੈੱਕ ਨਾਲ ਡਿਪਲੋਮਾ ਜਰੂਰੀ ਕੀਤਾ ਗਿਆ ਹੈ।

ਬੀਟੈੱਕ ਡਿਗਰੀ ਪਾਸ ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬੀਟੈੱਕ ਕਰਨ ਲਈ ਲੱਖਾਂ ਰੁਪਏ ਖਰਚ ਕੀਤੇ ਹਨ ਪਰ ਪਾਵਰਕੌਮ ਮੈਨੇਜਮੈਂਟ ਨੇ ਜੇ.ਈ ਦੀਆਂ ਪੋਸਟਾਂ ਅਪਲਾਈ ਕਰਨ ਲਈ ਰੋਕ ਲਗਾ ਦਿੱਤੀ ਹੈ ਜੋ ਕਿ ਸਰਾਸਰ ਧੱਕਾ ਹੈ। ਨੌਜਵਾਨਾਂ ਨੇ ਕਿਹਾ ਕਿ ਦਸਵੀਂ ਤੋਂ ਬਾਅਦ ਤਿੰਨ ਸਾਲ ਦਾ ਇਲੈਕਟ੍ਰੀਕਲ ਦਾ ਡਿਪਲੋਮਾ ਹੈ ਜਦੋਂ ਕਿ ਬੀਟੈੱਕ ਦੀ ਬਾਰਵੀਂ ਤੋਂ ਬਾਅਦ ਚਾਰ ਸਾਲ ਦੀ ਡਿਗਰੀ ਹੈ ਜੋ ਇਸ ਤੋਂ ਉੱਚ ਵਿੱਦਿਆ ਹੈ ਪਰ ਮੈਨੇਜਮੈਂਟ ਨੇ ਬਿਨ੍ਹਾਂ ਸੋਚੇ ਸਮਝੇ ਉੱਚ ਵਿੱਦਿਆ ਨੂੰ ਨਿਕਾਰ ਦਿੱਤਾ ਹੈ।

ਉਨ੍ਹਾਂ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਪਾਵਰਕੌਮ ਮੈਨਜੇਮੈਂਟ ਉਨ੍ਹਾਂ ਨੂੰ ਡਿਪਲੋਮਾ ਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਜਦੋਂ ਤੱਕ ਉਹ ਡਿਪਲੋਮਾ ਕਰਨਗੇ ਉਦੋ ਤੱਕ ਉਮਰ ਦੀ ਹੱਦ ਸੀਮਾਂ ਲੰਘ ਜਾਵੇਗੀ । ਉਨ੍ਹਾਂ ਆਖਿਆ ਕਿ ਪੱਤਰ ਵਿੱਚ ਇਹ ਵੀ ਸਪਸ਼ਟ ਨਹੀਂ ਕੀਤਾ ਗਿਆ ਕਿ ਬੀਟੈੱਕ ਪਾਸ ਨੌਜਵਾਨ ਕਿਹੜੀਆਂ ਪੋਸਟਾਂ ਅਪਲਾਈ ਕਰ ਸਕਦੇ ਹਨ, ਉਹ ਭੰਗਲਭੂਸੇ ਵਿੱਚ ਪਏ ਹੋਏ ਹਨ। ਬੀਟੈੱਕ ਨੌਜਵਾਨਾਂ ਨੇ ਪਾਵਰਕੌਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬੇਰੁਜਗਾਰੀ ਵੱਲ ਧੱਕਣ ਵਾਲੇ ਅਜਿਹੇ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਜਾਵੇ ਤਾਂ ਜੋ ਬੀਟੈੱਕ ਡਿਗਰੀ ਪਾਸ ਨੌਜਵਾਨਾਂ ਨੂੰ ਰਾਹਤ ਮਿਲ ਸਕੇ, ਜੇਕਰ ਪਾਵਰਕੌਮ ਮੈਨੇਜਮੇਂਟ ਨੇ ਨੋਟੀਫਿਕੇਸ਼ਨ ਰੱਦ ਨਾ ਕੀਤਾ ਤਾਂ ਬੀਟੈੱਕ ਪਾਸ ਨੌਜਵਾਨ ਕਾਨੂੰਨ ਦਾ ਸਹਾਰਾ ਲੈਣ ਲਈ ਮਜਬੂਰ ਹੋਣਗੇ ਅਤੇ ਪਾਵਰਕੌਮ ਖਿਲਾਫ ਸੰਘਰਸ਼ ਵਿੱਢਣ ਤੋਂ ਵੀ ਪਿਛੇ ਨਹੀਂ ਹਟਣਗੇ। ਜਦੋਂ ਇਸ ਮਾਮਲੇ ਸਬੰਧੀ ਜਦੋਂ ਬਿਜਲੀ ਮੰਤਰੀ ਹਰਭਜਨ ਸਿੰਘ ਨਾਲ ਸੰਪਰਕ ਕੀਤਾ ਤਾਂ ਘੰਟੀ ਜਾਣ ਦੇ ਬਾਵਜੂਦ ਉਨ੍ਹਾਂ ਫੋਨ ਚੁੱਕਣਾ ਜਰੂਰੀ ਨਹੀਂ ਸਮਝਿਆ।

## ਮਾਤਾ ਸੁੰਦਰੀ ਪਬਲਿਕ ਸਕੂਲ ਕੋਟਸ਼ਮੀਰ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿੱਤ ਕਰਨ ਲਈ ਕੱਢੀ ਰੈਲੀ



ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸੁੰਦਰੀ ਪਬਲਿਕ ਸਕੂਲ ਕੋਟਸ਼ਮੀਰ ਵੱਲੋਂ ਸਕੂਲ ਪ੍ਰਿੰਸੀਪਲ ਡਾ. ਮਨੋਰਮਾ ਸਮਾਗ ਦੀ ਅਗਵਾਈ ਹੇਠ ਪਿੰਡ ਤੁੰਗਵਾਲੀ ਵਿਖੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਰੈਲੀ ਕੱਢੀ ਗਈ।

ਇਸ ਮੌਕੇ ਪ੍ਰਿੰਸੀਪਲ ਮੈਡਮ ਨੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਪ੍ਰੇਰਨਾ ਦਿੱਤੀ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਠੋਸ ਕਦਮ ਚੁੱਕਣ ਦੀ ਲੋੜ ਤੇ ਜੋਰ ਦਿੱਤਾ।

ਇਸ ਮੌਕੇ ਮੈਡਮ ਪਰਮਜੀਤ ਕੌਰ,ਮੈਡਮ ਗੁਰਪ੍ਰੀਤ ਕੌਰ,ਮੈਡਮ ਮਨਜਿੰਦਰ ਕੌਰ,ਮੈਡਮ ਹਰਪ੍ਰੀਤ ਕੌਰ ਅਤੇ ਬਲਜਿੰਦਰ ਸਿੰਘ ਵਿਦਿਆਰਥੀਆਂ ਨਾਲ ਰੈਲੀ ਵਿੱਚ ਸ਼ਾਮਿਲ ਹੋਏ।

## ਈ.ਪੀ.ਐਫ ਮੁਸ਼ਕਲਾਂ ਸਬੰਧੀ ਪ੍ਰੋਗਰਾਮ 27 ਨੂੰ ਬੇਜਵਾਟਰ ਇੰਟਰਨੈਸ਼ਨਲ ਸਕੂਲ ਵਿਖੇ :ਬਘੇਲ ਸਿੰਘ ਬਾਠ



ਅਮਰਗੜ੍ਹ,
-ਰੋਜ਼ਾਨਾ ਸਵੇਰਾ-

ਬੇਜਵਾਟਰ ਇੰਟਰਨੈਸ਼ਨਲ ਸਕੂਲ ਨੰਗਲ ਦੇ ਮੈਨੇਜਿੰਗ ਡਾਇਰੈਕਟਰ ਬਘੇਲ ਸਿੰਘ ਬਾਠ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਵਿੱਖ ਨਿਧੀ ਸੰਗਠਨ ਵੱਲੋਂ ਮੈਡਮ ਸ੍ਰੀਮਤੀ ਗੀਨਾ ਮੰਡਲ ਖੇਤਰੀ ਭਵਿੱਖ ਨਿਧੀ ਆਯੁਕਤ 1 ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅਤੇ ਸ਼੍ਰੀ ਕੁਲਦੀਪ ਭਗਤ ਸਹਾਇਕ ਭਵਿੱਖ ਨਿਧੀ ਆਯੁਕਤ ਦੀ ਅਗਵਾਈ ਹੇਠ ਨਿਧੀ ਆਪ ਕੇ ਨਿਕਟ ਪ੍ਰੋਗਰਾਮ ਦੀ ਨਿਰੰਤਰਤਾ ਨੂੰ ਜਾਰੀ ਰੱਖਦੇ ਹੋਏ ਫਰਵਰੀ ਮਹੀਨੇ ਜਿਲਾ ਮਲੇਰਕੋਟਲਾ ਲਈ ਬੇਜਵਾਟਰ ਇੰਟਰਨੈਸ਼ਨਲ ਸਕੂਲ ਨੰਗਲ ਤਹਿਸੀਲ ਅਮਰਗੜ੍ਹ ਵਿਖੇ ਦਿਨ 27 ਫਰਵਰੀ 2023 ਨੂੰ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਤੇ ਸ਼੍ਰੀ ਮਨਜੀਤ ਕੁਮਾਰ enforcement officer epf ਸਬੰਧੀ ਜਿਵੇ ਕਿ epf final withdrawal, UAN, KYC ਅਤੇ transfer of epf accounts ਬਾਰੇ ਜਾਣਕਾਰੀ ਦੇਣਗੇ ਅਤੇ ਕਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਮੌਕੇ ਤੇ ਹੱਲ ਕਰਨ ਦਾ ਯਤਨ ਕਰਨਗੇ। ਇਸ ਮੌਕੇ ਤੇ ਪਵਨੀਤ ਕੌਰ ਲੇਬਰ ਇਨਫੋਰਸਮੈਂਟ ਅਫਸਰ ਮਲੇਰਕੋਟਲਾ ਵੀ ਪੰਜਾਬ ਸਰਕਾਰ ਦੇ ਨੁਮਾਇੰਦੇ ਵਜੋਂ ਹਾਜ਼ਰ ਹੋਣਗੇ। ਇਹ ਪ੍ਰੋਗਰਾਮ ESIC ਦੇ ਤਾਲਮੇਲ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਤੇ ਸ੍ਰੀ ਵਿਕਰਮਜੀਤ ਚੌਧਰੀ ਬ੍ਰਾਂਚ ਮੈਨੇਜਰ esic ਮਲੇਰਕੋਟਲਾ ਵੀ ਹਾਜਰ ਹੋਣਗੇ। ਕਰਮਚਾਰੀ ਆਪਣੀਆਂ esic ਨਾਲ ਸਬੰਧਤ ਮੁਸ਼ਕਲਾਂ ਵੀ ਉਹਨਾਂ ਦੇ ਧਿਆਨ ਚ ਲਿਆ ਸਕਣਗੇ।

ਜ਼ਿਲ੍ਹਾ ਸੰਗਰੂਰ ਵਿੱਚ ਇਹ ਪ੍ਰੋਗਰਾਮ ਸਰਵਹਿੱਤਕਾਰੀ ਵਿੱਦਿਆ ਮੰਦਰ ਪਿੰਡ ਧੂਰਾ ਤਹਿਸੀਲ ਧੂਰੀ ਵਿਖੇ ਦਿਨ 27 ਫਰਵਰੀ 2023 ਨੂੰ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ ਜਿੱਥੇ ਸ੍ਰੀ ਦਵਿੰਦਰ ਕੁਮਾਰ enforcement officer ਉਪਰੋਕਤ ਵਿਸ਼ਿਆਂ ਤੇ ਜਾਣਕਾਰੀ ਦੇਣਗੇ ਅਤੇ ਸ਼੍ਰੀ ਵਿਸ਼ਾਲ ਸਿੰਗਲਾ ਡਿਪਟੀ ਡਾਇਰੈਕਟਰ ਫੈਕਟਰੀਜ਼ ਸੰਗਰੂਰ ਇਸ ਮੌਕੇ ਤੇ ਪੰਜਾਬ ਸਰਕਾਰ ਦੇ ਨੁਮਾਇੰਦੇ ਵਜੋਂ ਹਾਜ਼ਰ ਹੋਣਗੇ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ ਲੇਖਕ ਬਲਬੀਰ ਸਿੰਘ ਬੱਬੀ ਦਾ ਸਨਮਾਨ



ਮਾਛੀਵਾੜਾ ਸਾਹਿਬ,
-ਰੋਜ਼ਾਨਾ ਸਵੇਰਾ-

ਅੰਤਰਰਾਸ਼ਟਰੀ ਮਾਂ-ਬੋਲੀ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਹਰ ਪਾਸੇ ਕਰਵਾਏ ਜਾ ਰਹੇ ਹਨ। ਇਸੇ ਤਰ੍ਹਾਂ ਦਾ ਇਕ ਵਿਸ਼ੇਸ਼ ਉਪਰਾਲਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਮਾਡਲ ਟਾਊਨ ਦੇ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਸੰਮੇਲਨ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸੰਮੇਲਨ ਵਿੱਚ ਦੇਸ਼ ਵਿਦੇਸ਼ ਨਾਲ ਸਬੰਧਿਤ ਪੰਜਾਬੀ ਮਾਂ ਬੋਲੀ ਲਈ ਕੰਮ ਕਰ ਰਹੀਆਂ ਸੰਸਥਾਵਾਂ ਤੇ ਪੰਜਾਬੀਅਤ ਨਾਲ ਜੁੜੀਆ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਆਡੀਟੋਰੀਅਮ ਹਾਲ ਦੇ ਵਿੱਚ ਇਹ ਸਨਮਾਨ ਸਮਾਰੋਹ ਤੇ ਸੰਮੇਲਨ ਕਰਵਾਇਆ ਗਿਆ। ਇਸ ਸਨਮਾਨ ਪ੍ਰੋਗਰਾਮ ਅਨੇਕਾਂ ਸ਼ਖਸ਼ੀਅਤਾ ਦਾ ਸਨਮਾਨ ਕੀਤਾ।ਇਸ ਸਨਮਾਨ ਸਮਾਰੋਹ ਵਿੱਚ ਹੀ ਪੰਜਾਬੀ ਲੇਖਕ ਬਲਬੀਰ ਸਿੰਘ ਬੱਬੀ ਜੋ ਮਾਛੀਵਾੜਾ ਸਾਹਿਬ ਤੋਂ ਪੱਤਰਕਾਰੀ ਦੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ ਨੂੰ ਵੀ ਸਨਮਾਨ ਕੀਤਾ ਗਿਆ। ਪ੍ਰਮੁੱਖ ਧਾਰਮਿਕ ਸ਼ਖਸ਼ੀਅਤ ਤੇ ਮਹਾਨ ਸਟੇਜੀ ਕਵੀ ਡਾ. ਹਰੀ ਸਿੰਘ ਜਾਚਕ ਜੀ ਦੇ ਯਤਨਾਂ ਸਦਕਾ ਇਹ ਪ੍ਰੋਗਰਾਮ ਉਲੀਕਿਆ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਬੰਧਕਾਂ ਇਲਾਵਾ ਦੇਸ਼ ਵਿਦੇਸ਼ ਦੀਆਂ ਸ਼ਖਸੀਅਤਾ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਦਰਸ਼ਨ ਸਿੰਘ ਭੰਮੇ ਸਤਿੰਦਰਪਾਲ ਸਿੰਘ ਸਿੱਧਵਾ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਪ੍ਰੀਤ ਹੀਰ ਪੰਜਾਬ ਭਵਨ ਜਲੰਧਰ ਚਰਨਜਜੀਤ ਕੌਰ ਪਟਿਆਲਾ ਕਮਲਜੀਤ ਕੌਰ ਪਟਿਆਲਾ ਮਾਸਥਰ ਤਰਲੋਚਨ ਸਿੰਘ ਸਰਬ ਰੋਗ ਕਾ ਅਉਖਦੁ ਨਾਮ ਮਿਸ਼ਨ ਜਸਵਿੰਦਰ ਸਿੰਘ ਛਿੰਦਾ ਫ਼ਿਲਮੀ ਅਦਾਕਾਰ ਤੇ ਪੱਤਰਕਾਰ ਰਿਪਨਜੋਤ ਕੌਰ ਸੋਨੀ ਬੱਗਾ ਰਾਵੀ ਸਿੱਧੂ ਤੇ ਹੋਰ ਪੰਜਾਬੀ ਲੇਖਕਾਂ ਪੱਤਰਕਾਰ ਸੱਜਣ ਹਾਜ਼ਰ ਸਨ।

ਬਲਬੀਰ ਸਿੰਘ ਬੱਬੀ ਨੂੰ ਸਨਮਾਨ ਮਿਲਣ ਤੇ ਮਾਛੀਵਾੜਾ ਸਮਰਾਲਾ ਖੰਨਾ ਦੇ ਪੱਤਰਕਾਰ ਸਾਥੀਆਂ ਇਲਾਕੇ ਨਾਲ ਸਬੰਧਿਤ ਲੇਖਕਾਂ ਤੇ ਸਾਹਿੱਤ ਸਭਾਵਾਂ ਨੇ ਵਧਾਈ ਦਿੱਤੀ।

## ਅੰਤਰਾਸ਼ਟਰ ਪੱਧਰ ਦੀ ਸਕਾਲਰ ਦੇ ਸਨਮਾਨ ’ਚ ਸਮਾਗਮ ਆਯੋਜਿਤ

ਮਾਲੇਰਕੋਟਲਾ,
-ਰੋਜ਼ਾਨਾ ਸਵੇਰਾ-

ਅੰਤਰਰਾਸ਼ਟਰ ਪੱਧਰ ਦੀ ਨਾਮਵਰ ਸਕਾਲਰ ਪ੍ਰੋ.ਅਤੀਆ ਹਬੀਬ ਕਿਦਵਾਈ ਰਿਟਾਇਰਡ ਪ੍ਰੋਫੈਸਰ ਜਵਾਹਰ ਲਾਲ ਯੂਨੀਵਰਸਿਟੀ ਦਿੱਲੀ ਦੇ ਸਨਮਾਨ ’ਚ ਇੱਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਰ ਨੂੰ ਸਵੇਰੇ 10:00 ਵਜੇ ਪੰਜਾਬ ਉਰਦੂ ਅਕੈਡਮੀ ’ਚ ਕੀਤਾ ਜਾ ਰਿਹਾ ਹੈ। ਜਿੱਥੇ ਸ਼੍ਰੀਮਤੀ ਕਿਦਵਾਈ ਮਾਲੇਰਕੋਟਲਾ ਦੇ ਬੁੱਧੀਜੀਵਿਆਂ ਤੇ ਲੇਖਕਾਂ ਨੂੰ ਸੰਬੋਧਨ ਕਰਨਗੇ।

ਇਸ ਸਮਾਗਮ ’ਚ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾ.ਜਮੀਲ ਉਰ ਰਹਿਮਾਨ ਮੁੱਖ ਮਹਿਮਾਨ ਵਜੋਂ ਪਹੁੰਚਣੇ, ਜਦਕਿ ਸਮਾਗਮ ਦੀ ਪ੍ਰਧਾਨਗੀ ਪੰਜਾਬ ਉਰਦੂ ਅਕੈਡਮੀ ਦੇ ਸਾਬਕਾ ਸਕੱਤਰ ਡਾ.ਮੁਹੰਮਦ ਇਕਬਾਲ ਕਰਨਗੇ।

## ਮੋਦੀ ਸਰਕਾਰ ਲੋਕ ਪੱਖੀ ਸਰਕਾਰ: ਕੇ.ਕੇ ਮਲਹੋਤਰਾ



ਕੇ.ਕੇ ਮਲਹੋਤਰਾ, ਵਿਜੈ ਕੂਕਾ, ਸੰਜੇ ਸ਼ਰਮਾ ਅਤੇ ਹੋਰ ਮੈਂਬਰ ਮੀਟਿੰਗ ਦੌਰਾਨ।

ਪਟਿਆਲਾ,
-ਰੋਜ਼ਾਨਾ ਸਵੇਰਾ-

ਪਟਿਆਲਾ ਦੇ ਸਟੇਡੀਅਮ ਮੰਡਲ ਦੇ ਪ੍ਰਧਾਨ ਸੰਜੈ ਸ਼ਰਮਾ ਵੱਲੋਂ ਕਾਰਜਕਾਰਨੀ ਦੀ ਭਰਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਪ੍ਰਧਾਨ ਕੇ.ਕੇ ਮਲਹੋਤਰਾ, ਪ੍ਰਭਾਰੀ ਪ੍ਰੋਫੈਸਰ ਸੁਮੇਰ ਸੀੜਾ, ਸੀਨੀਅਰ ਭਾਜਪਾ ਲੀਡਰ ਅਨਿੱਲ ਅੱਗਰਵਾਲ, ਮਹਾਮੰਤਰੀ ਵਿਜੇ ਕੂਕਾ ਅਤੇ ਅਮਰਜੀਤ ਸ਼ਰਮਾ ਸਮੇਤ ਹੋਰ ਲੀਡਰਸ਼ਿਪ ਨੇ ਭਾਗ ਲਿਆ। ਇਸ ਮੌਕੇ ਅਗਾਮੀ ਨਗਰ ਨਿਗਮ ਚੋਣਾਂ ਦੀ ਵਿਉਂਤਬੰਦੀ ਅਤੇ ਬੀਜੇਪੀ ਦੇ ਸਮੁੱਚੇ ਕੰਮ ਕਾਜ ਬਾਰੇ ਵਰਕਰਾਂ ਨੂੰ ਜਾਣੂੰ ਕਰਵਾਇਆ ਗਿਆ। ਇਸ ਮੌਕੇ ਮਲਹੋਤਰਾ ਨੇ ਕਿਹਾ ਮੌਜੂਦਾ ਸਮੇਂ ਵਿਚ ਭਾਰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਸਦਕਾ ਵਿਸ਼ਵ ਸ਼ਕਤੀ ਦਾ ਰੂਪ ਬਣਦਾ ਜਾ ਰਿਹਾ ਹੈ ਅਤੇ ਮੋਦੀ ਸਰਕਾਰ ਨੇ ਗਰੀਬਾਂ ਲਈ ਬਹੁਤ ਹੀ ਕਲਿਆਣਕਾਰੀ ਯੋਜਨਾਵਾਂ ਨੂੰ ਲਾਗੂ ਕੀਤਾ ਹੋਇਆ ਹੈ। ਇਸ ਤੋਂ ਸਿੱਧੇ ਤੌਰ ਤੇ ਇਹ ਸਿੱਧ ਹੁੰਦਾ ਹੈ ਕਿ ਮੋਦੀ ਸਰਕਾਰ ਲੋਕ ਪੱਖੀ ਸਰਕਾਰ ਹੈ। ਇਸ ਮੌਕੇ ਸੰਜੈ ਸ਼ਰਮਾ ਨੇ ਕਿਹਾ ਕਿ ਅਗਾਮੀ ਨਗਰ ਨਿਗਮ ਚੋਣਾਂ ਵਿਚ ਬੀਜੇਪੀ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ ਅਤੇ ਅਤੇ ਨਾਲ ਹੀ ਉਨ੍ਹਾਂ ਨੇ ਆਏ ਹੋਏ ਸਾਰੇ ਹੀ ਲੀਡਰ ਮੈਂਬਰਾਂ ਅਤੇ ਵਰਕਰਾਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਿਕੰਦਰ ਚੌਹਾਨ, ਗੋਪੀ ਰੰਗੀਲਾ, ਸ਼ਮੀ ਡੈਂਟਰ, ਨਿਖਿਲ ਬਾਤਿਸ਼ ਸ਼ੇਰ, ਸੰਜੇ ਹੰਸ, ਰਜਨੀਸ਼ ਪਾਂਧੀ, ਵਿਜੈ ਗੁਪਤਾ, ਪ੍ਰਿੰਸੀਪਲ ਐਨ.ਕੇ ਜੈਨ ਇੰਦਰਜੀਤ ਸਿੰਘ ਬੈਦਵਾਨ, ਅਵਿਨਾਸ਼ ਜੈਨ, ਮੁਨੀਸ਼ ਪੁਰੀ, ਦਿਨੇਸ਼ ਕਾਂਸਲ, ਮਨਦੀਪ ਢਿੱਲੋਂ, ਇੰਦਰਜੀਤ ਵਾਲੀਆ, ਪੁਨੀਤ, ਦਮਨ, ਰਫ਼ੀਕ ਮੋਹੰਮਦ, ਮੋਹਿੰਦਰ ਪਾਲ, ਜਰਨੈਲ, ਦੇਵ ਨਾਥ, ਰਜਿੰਦਰ ਕੌਰ, ਆਸ਼ਾ ਦੇਵੀ, ਵਿਸ਼ਾਲ ਮਹਿਰਾ ਆਦ ਮੌਕੇ ਤੇ ਹਾਜਰ ਸਨ।

## ਲੌਂਗੋਵਾਲ ਵਿਖੇ ਬਣੇਗਾ 3.96 ਕਰੋੜ ਰੁਪਏ ਦੀ ਲਾਗਤ ਵਾਲਾ ਸਟੇਡੀਅਮ: ਮੀਤ ਹੇਅਰ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਇਥੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਵਿੱਚ ਲੌਂਗੋਵਾਲ (ਸੁਨਾਮ) ਵਿਖੇ ਅਤਿ ਆਧੁਨਿਕ ਖੇਡ ਸਟੇਡੀਅਮ ਬਣੇਗਾ। 3.96 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਇਸ ਸਟੇਡੀਅਮ ਦੀ ਖੇਡ ਵਿਭਾਗ ਨੇ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਲੌਂਗੋਵਾਲ ਵਿਖੇ ਬਣਨ ਵਾਲੇ ਖੇਡ ਸਟੇਡੀਅਮ ਲਈ ਲਿਖਤੀ ਰੂਪ ਵਿੱਚ ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਹੈ।

ਮੀਤ ਹੇਅਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖੇਡ ਵਿਭਾਗ ਨੂੰ ਸੂਬੇ ਵਿੱਚ ਖੇਡਾਂ ਪੱਖੀ ਸਾਜਗਾਰ ਅਤੇ ਖਿਡਾਰੀਆਂ ਲਈ ਢੁੱਕਵਾਂ ਮਾਹੌਲ ਸਿਰਜਣ ਲਈ ਦਿੱਤੇ ਜਾ ਰਹੇ ਨਿਰਦੇਸ਼ਾਂ ਤਹਿਤ ਖੇਡ ਵਿਭਾਗ ਵੱਲੋਂ ਸੁਨਾਮ ਹਲਕੇ ਦੇ ਖਿਡਾਰੀਆਂ ਨੂੰ ਬਿਹਤਰੀਨ ਖੇਡ ਸਹੂਲਤਾਂ ਦੇਣ ਲਈ ਲੌਂਗੋਵਾਲ ਵਿਖੇ ਅਤਿ ਆਧੁਨਿਕ ਖੇਡ ਸਟੇਡੀਅਮ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ।

ਖੇਡ ਮੰਤਰੀ ਨੇ ਦੱਸਿਆ ਕਿ ਜਿੱਥੇ ਖੇਡ ਵਿਭਾਗ ਵੱਲੋਂ ਕਦਵਾਈਆਂ ‘ਖੇਡਾਂ ਵਤਨ ਪੰਜਾਬ ਦੀਆਂ’ ਰਾਹੀਂ ਸੂਬੇ ਵਿੱਚ ਵੱਡੇ ਪੱਧਰ ਉੱਤੇ ਖਿਡਾਰੀਆਂ ਦੀ ਸਮਰੱਥਾ ਪਤਾ ਲੱਗੀ ਉੱਥੇ ਸੁਨਾਮ ਵਿਖੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਕਰਵਾਈਆਂ ਗਈਆਂ ‘ਖੇਡਾਂ ਹਲਕਾ ਸੁਨਾਮ ਦੀਆਂ’ ਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਇਸ ਖੇਤਰ ਦੇ ਖਿਡਾਰੀਆਂ ਵਿੱਚ ਅਥਾਹ ਸਮਰੱਥਾ ਹੈ।

ਸਿਰਫ਼ ਮੌਕਾ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਧਰਤੀ ਨੇ ਪਦਮ ਸ੍ਰੀ ਕੌਰ ਸਿੰਘ ਅਤੇ ਪਦਮ ਸ੍ਰੀ ਸੁਨੀਤਾ ਰਾਣੀ ਵਰਗੇ ਵੱਡੇ ਖਿਡਾਰੀ ਪੈਦਾ ਕੀਤੇ ਹਨ।

ਮੀਤ ਹੇਅਰ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਨਵੀਂ ਖੇਡ ਨੀਤੀ ਜਲਦ ਹੀ ਲੈ ਕੇ ਆ ਰਹੀ ਹੈ ਜਿਸ ਵਿੱਚ ਖਿਡਾਰੀਆਂ ਨੂੰ ਵਿਸ਼ੇਸ਼ ਇਨਾਮ, ਨੌਕਰੀਆਂ ਤੋਂ ਇਲਾਵਾ ਲੰਬੇ ਸਮੇਂ ਲਈ ਅਜਿਹਾ ਖਾਕਾ ਤਿਆਰ ਕਰਨਾ ਹੈ ਤਾਂ ਜੋ ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਇਆ ਜਾ ਸਕੇ।

## ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਵਿਗਿਆਨ ਮੇਲਾ 27 ਫਰਵਰੀ ਤੋਂ ਸ਼ੁਰੂ

ਪਟਿਆਲਾ,
-ਰੋਜ਼ਾਨਾ ਸਵੇਰਾ-

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਮਿਤੀ 27 ਤੇ 28 ਫ਼ਰਵਰੀ, 2023 ਨੂੰ ਵਿਗਿਆਨ ਉਤਸਵ, 2023 ਮਨਾਇਆ ਜਾ ਰਿਹਾ ਹੈ। ਇਹ ਉਤਸਵ ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਅਤੇ ਤਕਨਾਲੋਜੀ ਅਤੇ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਲਾਯ, ਭਾਰਤ ਸਰਕਾਰ ਦੇ ਸਹਿਯੋਗ ਨਾਲ ਵਾਤਵਰਣ ਸਿਖਿਆ ਪ੍ਰੋਗਰਾਮ (EEP), ਲਾਈਫ਼ ਸਟਾਈਲ ਫਾਰ ਇੰਨਵਾਈਰਮੈਂਟ ਤਹਿਤ ਕਰਵਾਇਆ ਜਾ ਰਿਹਾ ਹੈ।

ਡਾ. ਬਲਵਿੰਦਰ ਸਿੰਘ ਸੂਚ, ਮੁਖੀ ਬਾਇਓਟੈਕਨਾਲੋਜੀ ਅਤੇ ਭੋਜਨ ਤਕਨਾਲੋਜੀ ਵਿਭਾਗ ਨੇ ਦੱਸਿਆ ਕਿ ਇਸ ਉਤਸਵ ਵਿੱਚ ਵੱਖ—ਵੱਖ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਦੇ ਵੱਖ—ਵੱਖ ਵਿਭਾਗਾਂ ਦੇ ਵਿਗਿਆਨ ਵਿੱਚ ਰੁਚੀ ਰੱਖਣ ਵਾਲੇ ਵਿਦਿਆਰਥੀ ਵਰਕਸ਼ਾਪਾਂ, ਵਿਸ਼ੇਸ਼ ਲੈਚਕਰ ਲੜੀਆਂ, ਵਿਗਿਆਨ ਪ੍ਰਦਰਸ਼ਨੀਆਂ, ਕੁਇਜ ਮੁਕਾਬਲੇ, ਪੋਸਟਰ ਮੁਕਾਬਲੇ ਅਤੇ ਲੇਖ ਮੁਕਾਬਲਿਆਂ ਵਿੱਚ ਭਾਗ ਲੈਣਗੇ। ਇਸਤੋਂ ਇਲਾਵਾ ਅਜੋਕੇ ਯੁੱਗ ਵਿੱਚ ਵਿਗਿਆਨਕ ਖੋਜਾ ਅਤੇ ਪ੍ਰਾਪਤੀਆਂ ਦੀਆਂ ਸ਼ਾਰਟ ਫਿ ?ਲਮਾਂ ਮੁੱਖ ਆਕਰਸ਼ਣ ਦਾ ਕੇਂਦਰ ਹੋਣਗੀਆਂ।

## ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੈਹਰੀ ਪਰਿਵਾਰ ਨਾਲ ਦੁੱਖ ਸਾਂਝਾ



ਬਠਿੰਡਾ,
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਸਾਬਕਾ ਕੇਂਦਰੀ ਮੰਤਰੀ ਅਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਸਾਂਸਦ ਬੀਬਾ ਹਰਸਿਮਰਤ ਕੌਰ ਬਾਦਲ ਵਲੋਂ ਅੱਜ ਅਪਣੇ ਰਾਮਾਂ ਦੋਰੇ ਦੋਰਾਨ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਸਵ ਸਤਬੀਰ ਸਿੰਘ ਅਸੀਜਾ ਦੇ ਅਕਾਲ ਚਲਾਣੇ ਤੇ ਉਹਨਾਂ ਦੇ ਸਪੁੱਤਰ ਇਵਨੀਤ ਸਿੰਘ ਅਸੀਜਾ,ਕੇਪੀ ਸਿੰਘ ਅਸੀਜਾ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਇਸ ਤੋਂ ਬਾਅਦ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਹਲਕਾ ਪ੍ਰਧਾਨ ਮਦਨ ਲਾਲ ਲਹਿਰੀ ਦੇ ਛੋਟੇ ਭਰਾ ਸਵ ਸੁਰਿੰਦਰ ਕੁਮਾਰ ਜੋਗੀ ਦੇ ਨਿਵਾਸ ਸਥਾਨ ਤੇ ਜਾਕੇ ਉਹਨਾਂ ਦੀ ਮੌਤ ਤੇ ਉਹਨਾਂ ਦੇ ਸਪੁੱਤਰ ਸੁਖਪਾਲ ਲਹਿਰੀ , ਸਤਵੀਰ ਲਹਿਰੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਇਸ ਮੌਕੇ ਮਦਨ ਲਾਲ ਲਹਿਰੀ,ਵਿਜੈ ਕੁਮਾਰ ਲਹਿਰੀ , ਵਿਸ਼ਾਲ ਲਹਿਰੀ , ਨਰਿੰਦਰ ਕੁਮਾਰ ਲੱਡੂ , ਕੌਂਸਲਰ ਸੰਜੀਵ ਕੁਮਾਰ ਪੱਪੂ, ਵਿਸ਼ਾਲ ਕਾਲੜਾ , ਮਨਜੀਤ ਸਿੰਘ ਅਸੀਜਾ ਆਦਿ ਹਾਜ਼ਰ ਸਨ।

## ਭਗਵੰਤ ਮਾਨ ਜੀ ਸਰਕਾਰ ਚੁਟਕਲਿਆਂ ਨਾਲ ਨਹੀਂ ਚੱਲਦੀ, ਤੁਹਾਨੂੰ ਐਕਸ਼ਨ ਵਿੱਚ ਆਉਣਾ ਪਵੇਗਾ: ਅਸ਼ਵਨੀ ਸ਼ਰਮਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਜਿਸ ‘ਚ ਮੁਖਮੰਤਰੀ ਨੇ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਿਲਕੁੱਲ ਠੀਕ ਹੈ ਅਤੇ ਇੱਥੇ ਨਿਵੇਸ਼ ਲਈ ਹਾਲਾਤ ਬਹੁਤ ਅਨੁਕੂਲ ਹਨ, ‘ਤੇ ਭਗਵੰਤ ਮਾਨ ‘ਤੇ ਵਰਦੀਆਂ ਅਜਨਾਲਾ ’ਚ ਵਾਪਰੀ ਘਟਨਾ ਦੀ ਸਖ਼ਤ ਸ਼ਬਦਾਂ ‘ਚ ਕਰੜੀ ਨਿਖੇਧੀ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਾਹਿਬ, ਪੰਜਾਬ ਅਤੇ ਪੰਜਾਬ ਦੇ ਲੋਕਾਂ ’ਤੇ ਰਹਿਮ ਕਰੋ। ਜਨਤਾ ਨਾਲ ਝੂਠ ਬੋਲਣਾ ਬੰਦ ਕਰੋ। ਭਗਵੰਤ ਮਾਨ ਜੀ, ਸਰਕਾਰ ਚੁਟਕਲਿਆਂ ਨਾਲ ਨਹੀਂ ਚੱਲਦੀ, ਤੁਹਾਨੂੰ ਐਕਸ਼ਨ ਵਿੱਚ ਆਉਣਾ ਪਵੇਗਾ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅਜਿਹੇ ਮਾਹੌਲ ਵਿੱਚ ਕੋਈ ਪੰਜਾਬ ਵਿੱਚ ਨਿਵੇਸ਼ ਕਿੰਵੇਂ ਕਰੇਗਾ ? ਨਿਵੇਸ਼ ਕਰਨ ਲਈ ਉਦਮੀ ਸਰਕਾਰ ਤੋਂ ਸ਼ਾਂਤ ਮਾਹੌਲ ਅਤੇ ਸਹੂਲਤਾਂ ਚਾਹੁੰਦੇ ਹਨ। ਉੱਦਮੀ ਉਥੇ ਨਿਵੇਸ਼ ਕਰਦਾ ਹੈ ਜਿੱਥੇ ਉਸਨੂੰ ਲੱਗਦਾ ਹੈ ਕਿ ਮੇਰਾ ਪੈਸਾ ਇੱਥੇ ਨਹੀਂ ਡੁੱਬੇਗਾ, ਸੁਰੱਖਿਅਤ ਮਹਿਸੂਸ ਕਰਦਾ ਹੈ, ਇੱਥੇ ਉਸਦੀ ਜਾਨ ਅਤੇ ਮਾਲ ਦੀ ਸੁਰੱਖਿਆ ਹੋਵੇਗੀ। ਪਰ ਪੰਜਾਬ ਵਿੱਚ ਅਜਿਹਾ ਕੁਝ ਵੀ ਨਹੀਂ ਹੈ। ਅੰਮ੍ਰਿਤਪਾਲ ਸਿੰਘ ਵੱਲੋਂ ਆਪਣੇ ਦੋਸਤ ਤੂਫਾਨ ਨੂੰ ਛੁਡਾਉਣ ਲਈ ਆਪਣੇ ਹਜ਼ਾਰਾਂ ਹਥਿਆਰਬੰਦ ਸਾਥੀਆਂ ਸਮੇਤ ਅੰਮ੍ਰਿਤਸਰ ਦੇ ਅਜਨਾਲਾ ਵਿਖੇ ਥਾਣੇ ’ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਘਟਨਾ ’ਤੇ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕੱਲ੍ਹ ਨੂੰ ਭਗਵੰਤ ਮਾਨ ਦੀ ਸਰਕਾਰ ਦਾ ਕੋਈ ਵੀ ਮੰਤਰੀ ਉਠ ਕੇ ਇਹ ਕਹਿ ਸਕਦਾ ਹੈ ਕਿ ਇਹ ਕਾਰਾ ਪੰਜਾਬ ਵਿੱਚ ਸਾਡੇ ਨਿਵੇਸ਼ ਨੂੰ ਰੋਕਣ ਲਈ ਕੀਤਾ ਗਿਆ ਹੈ।

## ਆਪਣੀ ਸੁਰੱਖਿਆ ਸਨਮਾਨ ਉੱਨਤੀ ਲਈ ਆਪ ਸੁਚੇਤ ਰਹੋ : ਸਬ ਇੰਸਪੈਕਟਰ ਜਸਪਾਲ ਸਿੰਘ



ਪਟਿਆਲਾ, -ਰੋਜ਼ਾਨਾ ਸਵੇਰਾ-

ਸੀਨੀਅਰ ਸੁਪਰਡੈਂਟ ਆਫ ਪੁਲਿਸ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਂਝ ਕੇਂਦਰ ਕੋਤਵਾਲੀ ਵਲੋਂ ਆਰੀਆਂ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਵਿਦਿਆਰਥੀਆਂ ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਜਾਗਰੂਕ ਕਰਨ ਲਈ ਪ੍ਰੋਗਰਾਮ ਪ੍ਰਿੰਸੀਪਲ ਸ਼੍ਰੀਮਤੀ ਸੰਤੋਸ਼ ਗੋਇਲ ਦੀ ਸਰਪ੍ਰਸਤੀ ਹੇਠ ਕਰਵਾਏ ਜਿਸ ਵਿਖੇ ਸਬ ਇੰਸਪੈਕਟਰ ਜਸਪਾਲ ਸਿੰਘ ਅਤੇ ਹੈਡ ਕਾਂਸਟੇਬਲ ਵਰਿੰਦਰ ਸਿੰਘ ਨੇ ਪੁਲਿਸ ਸਾਂਝ ਕੇਂਦਰਾਂ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ, ਪੁਲਿਸ ਹੈਲਪ ਲਾਈਨ ਨੰਬਰ 112, 181 ਫਾਇਰ ਬ੍ਰਿਗੇਡ ਨੰਬਰ 101, ਐਂਬੂਲੈਂਸ ਸੇਵਾਵਾਂ ਲਈ 108 ਅਤੇ ਸਾਈਬਰ ਕ੍ਰਾਈਮ ਤੋਂ ਬਚਣ ਅਤੇ ਜ਼ਰੂਰਤ ਸਮੇਂ ਨੰਬਰ 1930 ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ ਨੇ ਦੱਸਿਆ ਕਿ ਫਸਟ ਏਡ ਸੀ ਪੀ ਆਰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਅਤੇ ਫਾਇਰ ਫਾਈਟਿੰਗ ਦੀ ਟ੍ਰੇਨਿੰਗ ਦੀ ਮਹੱਤਤਾ ਦਸਦੇ ਹੋਏ, ਭਾਰਤੀ ਐਨ ਡੀ ਆਰ ਐਫ ਅਤੇ ਆਰਮੀ ਜਵਾਨਾਂ ਵੱਲੋਂ ਤੁਰਕੀ ਅਤੇ ਸੀਰੀਆ ਵਿਖੇ ਹਜ਼ਾਰਾਂ ਭੁਚਾਲ ਪੀੜਤਾਂ ਦੀਆਂ ਜਾਨਾਂ ਬਚਾਈਆਂ ਅਤੇ ਦੁਨੀਆ ਭਰ ਵਿਚ ਭਾਰਤੀ ਲੋਕਾਂ, ਪੁਲਿਸ ਪੈਰਾਂ ਮਿਲਟਰੀ ਫੋਰਸਜ ਅਤੇ ਫੌਜੀਆਂ ਦੇ ਪੀੜਤ ਮਾਨਵਤਾ ਨੂੰ ਬਚਾਉਣ ਦੇ ਨਿਸ਼ਕਾਮ ਕਾਰਜਾਂ ਦੀ ਪ੍ਰਸੰਸਾ ਕੀਤੀ। ਸ਼੍ਰੀ ਕਾਕਾ ਰਾਮ ਵਰਮਾ ਨੇ ਵਿਦਿਆਰਥੀਆਂ ਨੂੰ ਨਸ਼ਿਆਂ, ਅਪਰਾਧਾਂ, ਚੋਰੀਆਂ, ਹੇਰਾਫੇਰੀ, ਆਕੜ ਨਫ਼ਰਤਾਂ, ਹੰਕਾਰ ਦਿਖਾਵਿਆਂ ਤੋਂ ਬਚਣ ਅਤੇ ਸਖ਼ਤ ਮਹਿਨਤ ਕਰਕੇ ਆਪਣੇ ਆਚਰਨ ਸੰਸਕਾਰਾਂ ਮਰਿਆਦਾਵਾਂ ਫਰਜ਼ਾਂ ਅਨੁਸ਼ਾਸਨ ਆਗਿਆ ਪਾਲਣ ਅਨੁਸਾਰ ਕਾਰਜ਼ ਕਰਨ ਅਤੇ ਮਾੜੇ ਅਨਸਰਾਂ ਤੋਂ ਬਚਣ ਦੀ ਪ੍ਰੇਰਨਾ ਦਿੱਤੀ।

ਪ੍ਰਿੰਸੀਪਲ ਸ਼੍ਰੀਮਤੀ ਸੰਤੋਸ਼ ਗੋਇਲ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਪੁਲਿਸ ਜਵਾਨਾਂ ਦੀਆਂ ਸੇਵਾਵਾਂ ਪ੍ਰਸ਼ੰਸਾਯੋਗ ਹਨ ਇਸ ਲਈ ਪੁਲਿਸ ਆਰਮੀ ਪੈਰਾਂ ਮਿਲਟਰੀ ਫੋਰਸਜ ਫਾਇਰ ਬ੍ਰਿਗੇਡ ਅਤੇ ਨਿਸ਼ਕਾਮ ਸੇਵਾਵਾਂ ਕਰਨ ਵਾਲਿਆਂ ਦਾ ਸਨਮਾਨ ਕਰਦੇ ਰਹੋ ਅਤੇ ਨਿਯਮਾਂ ਕਾਨੂੰਨਾਂ ਅਸੂਲਾਂ ਮਰਿਆਦਾਵਾਂ ਫਰਜ਼ਾਂ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ।

## ਸਰਕਾਰੀ (ਸਟੇਟ) ਕਾਲਜ ਆ.ਫ ਐਜੂਕੇਸ਼ਨ, ਵਿਖੇ 59ਵਾਂ ਸਲਾਨਾ ਖੇਡ ਸਮਾਰੋਹ





ਪਟਿਆਲਾ,
-ਰੋਜ਼ਾਨਾ ਸਵੇਰਾ-

ਸਥਾਨਕ ਸਰਕਾਰੀ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਵਿਖੇ 59ਵਾਂ ਸਲਾਨਾ ਖੇਡ ਸਮਾਰੋਹ ਦਾ ਆਯੋਜਨ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਕਾਲਜ ਦੇ ਸਮੂਹ ਵਿਦਿਆਰਥੀਆਂ ਨੇ ਵੱਧ-ਚੜ੍ਹਕੇ ਭਾਗ ਲਿਆ। ਇਸ ਸਮਾਰੋਹ ਵਿੱਚ ਪ੍ਰੋ. (ਡਾ.) ਪਦਮਾ ਕੁਮਾਰ ਨਈਅਰ ਡਾਇਰੈਕਟਰ, ਥਾਪਰ ਕਾਲਜ ਆਫ਼ ਇੰਸਟੀਚਿਊਟੀ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਅਤੇ ਪ੍ਰੋ. ਤਰਲੋਕ ਸਿੰਘ ਸੰਧੂ, ਓਲੰਪੀਅਨ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਕਾਲਜ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਸਮਾਰੋਹ ਵਿੱਚ ਪਹੁੰਚੇ ਸਮੂਹ ਪਤਵੰਤੇ ਸੱਜਣਾਂ ਦਾ ਨਿੱਘਾ ਸਵਾਗਤ ਕੀਤਾ। ਡਾ. ਪਦਮਾ ਕੁਮਾਰ ਨਈਅਰ ਨੇ ਵਿਦਿਆਰਥੀਆਂ ਨੂੰ ਸਿੱਖਿਆ ਅਤੇ ਖੇਡ ਦੇ ਖੇਤਰ ਵਿੱਚ ਉੱਚੇ ਮੁਕਾਮ ਹਾਸਿਲ ਕਰਨ ਲਈ ਸਖਤ ਮਿਹਨਤ, ਸਮਰਪਣ, ਸਵੈ-ਅਧਿਐਨ ਅਤੇ ਦੂਜਿਆਂ ਦੀ ਮਦਤ ਕਰਨ ਲਈ ਪ੍ਰੇਰਿਤ ਕੀਤਾ। ਵਿਸ਼ੇਸ਼ ਮਹਿਮਾਨ ਪ੍ਰੋ. ਤਰਲੋਕ ਸਿੰਘ ਸੰਧੂ ਨੇ ਅਪਣਾ ਤਜੁਰਬਾ ਸਾਝਾਂ ਕਰਦੇ ਹੋਏ ਕਿਹਾ ਕਿ ਅਜੋਕੇ ਸਮੇ ਵਿੱਚ ਖੇਡਾਂ ਹਰ ਵਿਅਕਤੀ ਦੇ ਸ਼ਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਅਤਿ ਜਰੂਰੀ ਹਨ। ਇਹ ਨੋਜਵਾਨਾ ਨੂੰ ਨਸ਼ੇ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਦੀਆਂ ਹਨ। ਸਮਾਰੋਹ ਦਾ ਆਗਾਜ਼ ਮਸ਼ਾਲ ਜਗ੍ਹਾ ਕੇ ਕੀਤਾ ਗਿਆ। ਖੇਡ ਸਮਾਰੋਹ ਦੋਰਾਨ 100ਮੀਟਰ, 200ਮੀਟਰ, 400ਮੀਟਰ ਰੇਸ, ਸ਼ਾਟ ਪੁੱਟ, ਡਿਸਕਸ ਥਰੋ, ਹਾਈ ਜੰਪ, ਲੋਂਗ ਜੰਪ, ਰੱਸਾ ਕਸੀ ਆਦਿ ਮੁਕਾਬਲੇ ਕਰਵਾਏ ਗਏ। ਲੜਕਿਆਂ ਵਿਚੋਂ ਗੁਰਤੇਜ ਸਿੰਘ ਅਤੇ ਲੜਕੀਆਂ ਵਿਚੋਂ ਸ਼ਬਨਮ ਪ੍ਰਵੀਨ ਬੈਸਟ ਐਥਲੀਟ ਰਹੇ। ਇਸ ਸਮਾਰੋਹ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਖੇਡ ਸਮਾਰੋਹ ਦੇ ਇੰਚਾਰਜ ਡਾ. ਹਰਦੀਪ ਕੌਰ ਸੈਣੀ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਅਸਿ.ਪ੍ਰੋ. ਨਵਨੀਤ ਕੌਰ ਜੇਜੀ ਅਤੇ ਡਾ. ਕੁਲਜੀਤ ਕੌਰ ਦੁਆਰਾ ਨਿਭਾਈ ਗਈ। ਇਸ ਅਵਸਰ ਤੇ ਪ੍ਰਿੰ ਡਾ. ਕੁਸਮਲਤਾ, ਪ੍ਰਿੰ ਡਾ. ਸਤੀਸ਼ ਕੁਮਾਰ, ਕਾਲਜ ਕੌਂਸਲ ਮੈਂਬਰ ਐਸੋ.ਪ੍ਰੋ. ਕਿਰਨਜੀਤ ਕੌਰ, ਪ੍ਰੋ. (ਡਾ.) ਇੰਦਰਜੀਤ ਸਿੰਘ ਚੀਮਾ, ਡਾ. ਦੀਪਿਕਾ ਰਾਜਪਾਲ, ਰੁਪਿੰਦਰ ਸਿੰਘ ਲਾਇਬ੍ਰੇਰੀਅਨ, ਡਾ. ਮਨਪ੍ਰੀਤ ਕੌਰ, ਡਾ. ਜਗਮੋਹਨ ਸ਼ਰਮਾਂ, ਵੀਰਦੇਵ ਸਿੰਘ, ਅਸਿਸਟੈਂਡ ਪ੍ਰੋਫੈਸਰ ਯਸ਼ਪ੍ਰੀਤ ਸਿੰਘ, ਡਾ. ਅਨੁਰਾਗ ਸ਼ਰਮਾਂ, ਅਮਰਜੀਤ ਸਿੰਘ ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥੀ ਸ਼ਾਮਿਲ ਹੋਏ।



# ਮਾਵਾਂ ਤੇ ਧੀਆਂ...

**ਜਗ ਭਾਵੇਂ ਧੀਆਂ ਅਤੇ ਪੁੱਤਰਾਂ ਵਿਚ ਅੰਤਰ ਕਰੇ ਪਰ ਮਾਂ ਦੇ ਦਿਲੋਂ ਤਾਂ ਦੋਹਾਂ ਲਈ ਹੀ ਅਸੀਸਾਂ ਹੀ ਨਿਕਲਦੀਆਂ ਹਨ। ਜਿੰਨਾ ਇਕ ਮਾਂ ਆਪਣੀ ਧੀ ਨੂੰ ਸਮਝਦੀ ਹੈ ਓਨਾ ਕੋਈ ਹੋਰ ਨਹੀਂ ਸਮਝ ਸਕਦਾ। ਇਹ ਮਾਂ ਹੀ ਹੁੰਦੀ ਹੈ ਜੋ ਪੁੱਤਾਂ ਬਰਾਬਰ ਧੀਆਂ ਨੂੰ ਵੀ ਲਾਡ ਲਡਾਉਂਦੀ ਹੈ...**

• ਜਸਪ੍ਰੀਤ ਕੌਰ 'ਸੰਘਾ'

ਪਰਮਾਤਮਾ ਦੀ ਸਿਰਜੀ ਹੋਈ ਸ੍ਰਿਸ਼ਟੀ ਵਿਚ ਹਰ ਚੀਜ਼ ਪਰਿਵਰਤਨਸ਼ੀਲ ਹੈ। ਜੇ ਕੁਝ ਨਹੀਂ ਬਦਲਦਾ ਤਾਂ ਉਹ ਹੈ ਮਾਂ ਦੇ ਅੰਦਰ ਦੀ ਮਮਤਾ ਤੇ ਉਸ ਦਾ ਪਿਆਰ। ਉਹ ਕੱਲ੍ਹ ਵੀ ਉਹੀ ਸੀ, ਅੱਜ ਵੀ ਉਹੀ ਹੈ ਤੇ ਜੁਗਾਂ-ਜੁਗਾਂਤਰਾਂ ਤਕ ਉਵੇਂ ਹੀ ਰਹੇਗਾ। ਮਾਂ ਤਾਂ ਹੁੰਦੀ ਹੀ ਮੋਹ-ਮਮਤਾ ਦੀ ਮੂਰਤ ਹੈ। ਇਕ ਨਵੇਂ ਜੀਵਨ ਨੂੰ ਧਰਤੀ 'ਤੇ ਲਿਆਉਣ ਦਾ ਬਲ ਪਰਮਾਤਮਾ ਨੇ ਔਰਤ ਨੂੰ ਹੀ ਬਖ਼ਸ਼ਿਆ ਹੈ। ਔਰਤ ਹੀ ਹੈ ਜੋ ਇਕ ਮਾਂ ਬਣ ਖ਼ੁਦ ਤੱਤੀਆਂ ਹਵਾਵਾਂ, ਝੱਖੜ ਜਰ ਕੇ ਵੀ ਆਪਣੇ ਬੱਚਿਆਂ ਲਈ ਹਮੇਸ਼ਾ ਠੰਢੀਆਂ ਛਾਵਾਂ ਚਾਹੁੰਦੀ ਹੈ। ਇਹ ਸੱਚ ਹੈ ਕਿ ਬੱਚੇ ਦੀ ਇਕ ਮੁਸਕਾਨ ਮਾਂ ਦਾ ਸਦੀਆਂ ਦਾ ਥਕੇਵਾਂ ਦੂਰ ਕਰ ਦਿੰਦੀ ਹੈ। ਖ਼ੁਦ ਗਿੱਲੀ ਥਾਵੇਂ ਪੈ ਕੇ ਆਪਣੇ ਬੱਚੇ ਨੂੰ ਸੁੱਕੀ ਥਾਂ ਪਾਉਣਾ, ਖ਼ੁਦ ਭੁੱਖੇ ਰਹਿ ਕੇ ਆਪਣੇ ਬੱਚੇ ਦਾ ਢਿੱਡ ਭਰਨ ਵਰਗੀਆਂ ਕੁਰਬਾਨੀਆਂ ਮਾਂ ਹੀ ਕਰ ਸਕਦੀ ਹੈ। ਇਹ ਵੀ ਸੱਚ ਹੈ ਕਿ ਅਸੀਂ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਦੇਣ ਕਦੇ ਨਹੀਂ ਦੇ ਸਕਦੇ। ਮਮਤਾ ਦਾ ਵਰਨਣ ਸਾਡੇ ਲੋਕ ਗੀਤਾਂ ਵਿਚ ਵੀ ਬਾਖ਼ੂਬੀ ਝਲਕਦਾ ਹੈ :

**ਮੈਂ ਸੌ-ਸੌ ਰੁੱਖ ਪਈ ਲਾਵਾਂ,**
**ਰੁੱਖ ਤਾਂ ਹਰੇ-ਭਰੇ।**
**ਮਾਵਾਂ ਠੰਢੀਆਂ ਛਾਵਾਂ**
**ਛਾਵਾਂ ਕੌਣ ਕਰੇ।**

ਇਕ ਮਾਂ ਆਪਣੇ ਬੱਚਿਆਂ ਲਈ ਮੋਹ-ਮਮਤਾ ਦਾ ਅਜਿਹਾ ਝਰਨਾ ਹੁੰਦੀ ਹੈ, ਜਿਸ 'ਚੋਂ ਸਦਾ ਅੰਮ੍ਰਿਤ ਹੀ ਵਗਦਾ ਹੈ। ਮਾਂ ਦੀ ਆਪਣੇ ਬੱਚਿਆਂ ਨਾਲ ਸਾਂਝ ਅਟੁੱਟ ਹੁੰਦੀ ਹੈ। ਜੇ ਰਿਸ਼ਤਾ ਮਾਂ ਤੇ ਧੀ ਦਾ ਹੋਵੇ ਤਾਂ ਇਹ ਸਾਂਝ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ। ਧੀ ਲਈ ਮਾਂ ਸਹੇਲੀ ਹੁੰਦੀ ਹੈ ਤੇ ਉਸ ਦੀ ਮਾਰਗ-ਦਰਸ਼ਕ ਵੀ। ਧੀ ਦੇ ਦਿਲ ਦੇ ਦਰਦ ਨੂੰ, ਉਸ ਦੀ ਖ਼ੁਸ਼ੀ ਨੂੰ ਇਕ ਮਾਂ ਤੋਂ ਵੱਧ ਹੋਰ ਕੋਈ ਨਹੀਂ ਸਮਝ ਸਕਦਾ, ਕਿਉਂਕਿ ਧੀ ਤਾਂ ਹੁੰਦੀ ਹੀ ਮਾਂ ਦਾ ਪਰਛਾਵਾਂ ਹੈ। ਸਾਰਾ ਜਗ ਭਾਵੇਂ ਧੀਆਂ-ਪੁੱਤਾਂ ਵਿਚ ਅੰਤਰ ਕਰੇ ਪਰ ਮਾਂ ਦੇ ਦਿਲੋਂ ਤਾਂ ਦੋਹਾਂ ਲਈ ਹੀ ਅਸੀਸਾਂ ਨਿਕਲਦੀਆਂ ਹਨ। ਜਿੰਨਾ ਇਕ ਮਾਂ ਆਪਣੀ ਧੀ ਨੂੰ ਸਮਝਦੀ ਹੈ, ਓਨਾ ਕੋਈ ਹੋਰ ਨਹੀਂ ਸਮਝ ਸਕਦਾ। ਇਕ ਮਾਂ ਹੀ ਹੁੰਦੀ ਹੈ ਜੋ ਪੁੱਤਾਂ ਬਰਾਬਰ ਧੀਆਂ ਨੂੰ ਵੀ ਪਿਆਰ ਕਰਦੀ ਹੈ। ਸਮਾਜ ਵਿਚ ਉਸ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਉਂਦੀ ਹੈ। ਮਾਂ-ਧੀ ਦੇ ਪਿਆਰ ਦਾ ਜ਼ਿਕਰ ਲੋਕ ਗੀਤ ਵੀ ਕਰਦੇ ਹਨ :



**ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏਂ**
**ਕੋਈ ਟੁੱਟਦੀ ਏ ਕਹਿਰਾਂ ਨਾਲ।**
**ਨੀ ਕਣਕਾਂ ਨਿਸਰੀਆਂ**
**ਧੀਆਂ ਕਿਉਂ ਵਿਸਰੀਆਂ ਨੀ ਮਾਏਂ...।**

ਇਹ ਇਕ ਅੱਟੁਟ ਸਚਾਈ ਹੈ ਕਿ ਚਾਵਾਂ-ਲਾਡਾਂ ਨਾਲ ਪਾਲੀ ਧੀ ਨੇ ਇਕ ਨਾ ਇਕ ਦਿਨ ਮਾਂ ਕੋਲੋਂ ਵਿੱਛੜਨਾ ਹੁੰਦਾ ਹੈ। ਕਿੰਨਾ ਵੱਡਾ ਜਿਗਰਾ ਹੁੰਦਾ ਹੈ ਮਾਂ ਦਾ, ਜੋ ਆਪਣੇ ਜਿਗਰ ਦਾ ਟੋਟਾ ਆਪਣੇ ਹੱਥੀਂ ਬੇਗ਼ਾਨਿਆਂ ਦੀ ਝੋਲੀ ਪਾ ਦਿੰਦੀ ਹੈ।

ਜਿੰਨਾ ਪਿਆਰ ਧੀ ਨੂੰ ਮਾਂ ਕੋਲੋਂ ਮਿਲਦਾ ਹੈ ਓਨਾ ਹੋਰ ਕਿਸੇ ਹੋਰ ਕੋਲੋਂ ਨਹੀਂ ਮਿਲਦਾ। ਧੀ ਵੀ ਰੋਂਦੀ ਕੁਰਲਾਉਂਦੀ ਆਪਣੀ ਮਾਂ ਅੱਗੇ ਵਾਸਤੇ ਪਾਉਂਦੀ ਹੈ :

**ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ,**
**ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ...।**

ਵਿਆਹ ਤੋਂ ਬਾਅਦ ਵੀ ਧੀ ਸਹੁਰੇ ਘਰ ਬੈਠੀ ਪਲ-ਪਲ ਆਪਣੀ ਮਾਂ ਨੂੰ ਉਡੀਕਦੀ ਰਹਿੰਦੀ ਹੈ ਤਾਂ ਕਿ ਉਸ ਨਾਲ ਆਪਣਾ ਦੁੱਖ-ਸੁੱਖ ਸਾਂਝਾ ਕਰ ਸਕੇ ਪਰ ਸਾਡੇ ਸਮਾਜ ਵਿਚ ਧੀ ਦੇ ਘਰ ਪੇਕਿਆਂ ਦਾ ਵਾਰ-ਵਾਰ ਆਉਣਾ-ਜਾਣਾ ਠੀਕ ਨਹੀਂ ਸਮਝਿਆ ਜਾਂਦਾ। ਇਸ ਲਈ ਜਦੋਂ ਮਾਂ ਕਾਫੀ ਦੇਰ ਤਕ ਧੀ ਨੂੰ ਨਹੀਂ ਮਿਲਦੀ ਤਾਂ ਧੀ ਆਪ ਮੁਹਾਰੇ ਹੀ ਬੋਲ ਉਠਦੀ ਹੈ :

**ਕਾਹਨੂੰ ਤੈਂ ਭੇਜਿਆ ਸਹੁਰੇ ਨੀ ਮਾਂ,**
**ਕਾਹਨੂੰ ਤੈਂ ਭੇਜਿਆ ਦੂਰ ਨੀ ਮਾਂ।**

ਇਸੇ ਤਰ੍ਹਾਂ ਜਦੋਂ ਵਿਆਹ ਤੋਂ ਬਾਅਦ ਧੀ ਆਪਣੇ ਪੇਕੇ ਘਰ ਆਉਂਦੀ ਹੈ ਤਾਂ ਮਾਂ ਨੂੰ ਸਭ ਤੋਂ ਵੱਧ ਚਾਅ ਚੜ੍ਹਦਾ ਹੈ। ਅਸਲ ਵਿਚ ਪੇਕੇ ਹੁੰਦੇ ਹੀ ਮਾਵਾਂ ਨਾਲ ਹਨ। ਇਸ ਗੱਲ ਦਾ ਜ਼ਿਕਰ ਪੰਜਾਬ ਦੇ ਲੋਕ ਗੀਤ ਵੀ ਬਾਖ਼ੂਬੀ ਕਰਦੇ ਹਨ।

ਭਾਵੇਂ ਜਵਾਨ ਧੀ ਨੂੰ ਮਾਂ ਹੱਥੀਂ ਪ੍ਰਦੇਸ ਤੋਰ ਕੇ ਆਪਣੇ ਤੋਂ ਦੂਰ ਕਰ ਦਿੰਦੀ ਹੈ ਪਰ ਇਹ ਦੂਰੀ ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਤੇ ਉਸ ਦੇ ਪਿਆਰ ਨੂੰ ਕਦੇ ਖ਼ਤਮ ਨਹੀਂ ਕਰ ਸਕਦੀ। ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਅਟੁੱਟ ਹੈ ਤੇ ਸਦੀਆਂ ਤਕ ਅਟੁੱਟ ਹੀ ਰਹੇਗੀ। •

ਮੋਬਾਈਲ : 99150-33176



# ਸਮਾਜ ਦਾ ਨਜ਼ਰੀਆ

• ਕੁਲਦੀਪ ਸਿੰਘ ਬੰਗੀ

ਔਰਤ ਜਗ ਦੀ ਜਣਨੀ ਹੈ ਅਤੇ ਸਾਡੇ ਸਮਾਜ ਦਾ ਧੁਰਾ ਵੀ। ਸਾਡੇ ਮੁਲਕ ਦੇ ਕਾਨੂੰਨ ਅਨੁਸਾਰ ਔਰਤ ਤੇ ਮਰਦ ਬਰਾਬਰ ਦਾ ਦਰਜਾ ਰੱਖਦੇ ਹਨ। ਅਸੀਂ ਇਹ ਵੀ ਭਲੀ-ਭਾਂਤ ਜਾਣਦੇ ਹਾਂ ਕਿ ਔਰਤ ਨੇ ਹਰ ਖੇਤਰ ਵਿਚ ਆਪਣਾ ਲੋਹਾ ਮਨਵਾਇਆ ਹੈ। ਉਸ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਮਾਜ ਵਿਚ ਉਹ ਮਰਦ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਅਸੀਂ ਕਿਸੇ ਵੀ ਖੇਤਰ ਵਿਚ ਨਜ਼ਰ ਮਾਰ ਕੇ ਵੇਖ ਸਕਦੇ ਹਾਂ ਕਿ ਕਿਵੇਂ ਹਰ ਪਾਸੇ ਹੀ ਔਰਤਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ।

ਐਵਰੈਸਟ ਦੀ ਚੋਟੀ ਦੀ ਚੜ੍ਹਾਈ ਤੋਂ ਲੈ ਕੇ ਪੁਲਾੜ ਦੀ ਯਾਤਰਾ ਤਕ ਦੀ ਉਡਾਰੀ ਆਦਿ ਦੇ ਹੈਰਾਨੀਜਨਕ ਕਾਰਨਾਮੇ ਇਸ ਵਿਚ ਸ਼ਾਮਲ ਹਨ। ਫਿਰ ਵੀ ਸਾਡੇ ਸਮਾਜ ਵਿਚ ਔਰਤ ਦੀ ਉਹ ਪਛਾਣ ਅਤੇ ਦਰਜਾ ਨਹੀਂ, ਜਿਸ ਦੀ ਉਹ ਹੱਕਦਾਰ ਹੈ। ਇਸ ਦੇ ਉਲਟ ਸਮਾਜ ਦੀ ਜਣਨੀ ਔਰਤ ਨਾਲ ਸਮਾਜ ਨੇ ਪੈਰ-ਪੈਰ 'ਤੇ ਧੱਕਾ ਕੀਤਾ ਹੈ। ਉਸ ਨੂੰ ਕੇਵਲ ਨਕਾਰਿਆ ਹੀ ਨਹੀਂ ਸਗੋਂ ਉਸ ਨੂੰ ਗ਼ੁਲਾਮਾਂ ਵਾਲੀ ਤੇ ਘਟੀਆ ਜ਼ਿੰਦਗੀ ਜਿਉਣ ਲਈ ਮਜ਼ਬੂਰ ਵੀ ਕੀਤਾ ਹੈ।

ਇਤਿਹਾਸ ਨਾਲ ਸਬੰਧਤ ਲਿਖਤਾਂ, ਵੇਦ, ਗ੍ਰੰਥ ਤੇ ਹੋਰ ਪੁਰਾਤਨ ਦਸਤਾਵੇਜ਼ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਔਰਤ ਮੁੱਢ ਤੋਂ ਹੀ ਮਰਦ ਜਾਤ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੁੰਦੀ ਆ ਰਹੀ ਹੈ। ਆਧੁਨਿਕ ਯੁੱਗ ਵਿਚ ਵੀ ਸਭ ਕੁਝ ਪੁਰਾਤਨ ਸਮੇਂ ਵਰਗਾ ਹੀ ਵਾਪਰ ਰਿਹਾ ਹੈ। ਜੇ ਕਰ ਕੁਝ ਬਦਲਿਆ ਹੈ ਤਾਂ ਉਹ ਹਨ ਢੰਗ-ਤਰੀਕੇ ਅਤੇ ਤਕਨੀਕ।

ਸਮੇਂ-ਸਮੇਂ ਮਰਦ ਪ੍ਰਧਾਨ ਸਮਾਜ ਅਤੇ ਸਰਕਾਰਾਂ ਚਾਹੇ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਦਾ ਢਿੰਡੋਰਾ ਪਿੱਟਦੀਆਂ ਰਹੀਆਂ ਹਨ ਤੇ ਵੱਡੇ-ਵੱਡੇ ਦਾਅਵੇ ਵੀ ਕਰਦੀਆਂ ਰਹੀਆਂ ਹਨ, ਜਿਵੇਂ ਕਿ ਔਰਤ ਸ਼ਕਤੀਕਰਨ ਵਰ੍ਹਾ, ਮਹਿਲਾ ਦਿਵਸ, ਨੰਨ੍ਹੀ ਛਾਂ ਵਰਗੇ ਕਾਰਜ, ਮੁਹਿੰਮਾਂ, ਪ੍ਰਦਰਸ਼ਨਾਂ ਤੋਂ ਇਲਾਵਾ ਅਸੀਂ ਕੰਧਾਂ 'ਤੇ ਲਿਖਿਆ ਵੀ ਅਕਸਰ ਪੜ੍ਹਦੇ ਹਾਂ :

**- ਲੜਕੀ-ਲੜਕਾ ਏਕ ਸਮਾਨ।**
**- ਧੀ ਜੰਮੀ ਵੰਡੋ ਮਠਿਆਈ।**
**ਇਹ ਸਾਕਾਰ ਲੱਛਮੀ ਆਈ।**

ਪਰ ਹਕੀਕਤ ਇਸ ਤੋਂ ਬਿਲਕੁਲ ਉਲਟ ਇਸ਼ਾਰਾ ਕਰ ਰਹੀ ਹੈ। ਕੁੜੀ ਜੰਮਣ 'ਤੇ ਅੱਜ ਵੀ ਸਾਡੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਵਿਚ ਸੋਗ ਫੈਲ ਜਾਂਦਾ ਹੈ। ਅੱਜ ਵੀ ਜਨਮ ਲੈਣ ਵਾਲੀ ਬੱਚੀ ਨੂੰ ਪੱਥਰ ਕਹਿ ਕੇ ਦੁਰਕਾਰਿਆ ਜਾਂਦਾ ਹੈ। ਮਠਿਆਈ ਵੰਡਣਾਂ ਤਾਂ ਦੂਰ ਰਿਹਾ, ਕੋਈ ਗੁੜ ਵੰਡ ਕੇ ਵੀ ਖ਼ੁਸ਼ੀ ਨਹੀਂ ਮਨਾਉਂਦਾ।

ਅੱਜੋਕੀ ਔਰਤ ਵੀ ਕੇਵਲ ਪੁੱਤਰ ਨੂੰ ਜਨਮ ਦੇਣ ਵਿਚ ਹੀ ਮਾਣ ਮਹਿਸੂਸ ਕਰਦੀ ਹੈ ਅਤੇ ਪੁੱਤਰ ਦੇ ਜਨਮ ਦੀ ਹੀ ਕਾਮਨਾ ਕਰਦੀ ਹੈ। ਔਰਤ ਦੀ ਪਛਾਣ ਕਿਸੇ ਮਰਦ ਦੀ ਬੇਟੀ, ਭੈਣ, ਪਤਨੀ, ਨੂੰਹ, ਮਾਂ ਆਦਿ ਤੋਂ ਹੀ ਹੁੰਦੀ ਹੈ। ਚੇਅਰਮੈਨ, ਕਰੋੜਪਤੀ, ਅਰਬਪਤੀ ਆਦਿ ਅਨੇਕਾਂ ਸ਼ਬਦ ਇਸ ਦੀ ਸਚਾਈ ਹਨ। ਮਰਦ ਦੀ ਸੋਚ ਵਿਚ ਔਰਤ ਅੱਜ ਵੀ ਦੂਜੇ ਨੰਬਰ 'ਤੇ ਹੈ। ਉਸ ਦੀ ਸੋਚ ਵਿਚ ਔਰਤ ਮਨੋਰੰਜਨ ਦਾ ਸਾਧਨ, ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੋਂ ਵੱਧ ਕੁਝ ਨਹੀਂ।

ਪੁਰਾਤਨ ਕਾਲ ਦੀ ਸੀਤਾ, ਦਰੋਪਦੀ, ਤਾਰਾਮਤੀ ਦੀ ਤਰ੍ਹਾਂ ਹੀ ਅੱਜ ਵੀ ਸ਼ਰੇ-ਬਾਜ਼ਾਰ, ਗਲੀਆਂ-ਮੁਹੱਲਿਆਂ ਵਿਚ 'ਦਾਮਿਨੀ ਕਾਂਡ' ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਔਰਤ ਪ੍ਰਤੀ ਮੁੱਢ ਤੋਂ ਹੀ ਸਮਾਜ ਦਾ ਨਜ਼ਰੀਆ ਇਹੋ-ਜਿਹਾ ਹੀ ਰਿਹਾ ਹੈ।

ਮਰਹੂਮ ਲੇਖਿਕਾ ਅੰਮ੍ਰਿਤਾ ਪ੍ਰੀਤਮ ਵੀ ਔਰਤ ਦੀ ਅਜਿਹੀ ਸਥਿਤੀ ਅਤੇ ਸਮਾਜਿਕ ਵਰਤਾਰੇ ਦਾ ਜ਼ਿਕਰ ਕਰਦਿਆਂ ਆਖਦੀ ਹੈ, **"ਸਾਡੀਆਂ ਮੰਡੀਆਂ ਵਿਚ ਕਣਕ ਵਿਕਦੀ ਹੈ, ਜਵਾਰ ਅਤੇ ਔਰਤ ਵੀ।"**

ਸੱਚਮੁੱਚ ਔਰਤ ਅੱਜ ਵੀ ਮੰਡੀ ਵਿਚ ਵਿੱਕਣ ਵਾਲੀ ਵਸਤੂ ਹੀ ਸਮਝੀ ਜਾਂਦੀ ਹੈ। ਅੱਜ ਵੀ ਉਸ ਨੂੰ ਜਾਇਦਾਦ ਵਾਂਗ ਹੀ ਵਿਕਣਾ ਪੈ ਰਿਹਾ ਹੈ।

ਮਰਦ ਵੱਲੋਂ ਇਸ਼ਤਿਹਾਰਬਾਜ਼ੀ ਲਈ ਔਰਤ ਨੂੰ ਵਸਤੂ ਦੇ ਰੂਪ ਵਿਚ ਹੀ ਪਰੋਸਿਆ ਜਾ ਰਿਹਾ ਹੈ। ਸਮਾਜ 'ਚ ਅੱਜ ਵੀ ਲੱਖਾਂ ਲੜਕੀਆਂ ਦੀ ਖ਼ਰੀਦੋ-ਫਰੋਖ਼ਤ ਹੋ ਰਹੀ ਹੈ।

ਕੁਲ ਮਿਲਾ ਕੇ ਔਰਤ ਦੀ ਦਸ਼ਾ ਕੇਵਲ ਅਖ਼ਬਾਰਾਂ, ਰਸਾਲਿਆਂ, ਭਾਸ਼ਣਾਂ ਵਿਚ ਹੀ ਸੁਧਰੀ ਨਜ਼ਰ ਆ ਰਹੀ ਹੈ ਜਦਕਿ ਅਸਲ ਜੀਵਨ ਵਿਚ ਔਰਤ ਨਾਲ ਘਿਨਾਉਣੇ ਤੋਂ ਘਿਨਾਉਣੇ ਕਾਰਨਾਮੇ ਉਸੇ ਤਰ੍ਹਾਂ ਹੀ ਹੋ ਰਹੇ ਹਨ, ਜੋ ਅਸੀਂ ਇਤਿਹਾਸ ਵਿਚ ਪੜ੍ਹਦੇ-ਸੁਣਦੇ ਰਹੇ ਹਾਂ। ਵੱਡੀ ਉਮਰ ਦੀਆਂ ਔਰਤਾਂ ਤੋਂ ਲੈ ਕੇ ਕੁੱਖ ਵਿਚ ਪਲ ਰਹੀਆਂ ਬੱਚੀਆਂ ਨਾਲ ਸ਼ਰੇਆਮ ਵਧੀਕੀਆਂ ਹੋ ਰਹੀਆਂ ਹਨ। ਔਰਤਾਂ ਨਾਲ ਜਬਰ ਜਨਾਹ ਹੋ ਰਹੇ ਹਨ ਅਤੇ ਅਣਜੰਮੀਆਂ ਬੱਚੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ।

ਇਨ੍ਹਾਂ ਸਭ ਗੱਲਾਂ ਨੂੰ ਘੋਖ ਕੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਾਨੂੰ ਸਿਰਫ਼ ਵਿਖਾਵੇ ਅਤੇ ਸੋਸ਼ੇਬਾਜ਼ੀ ਵਾਲੇ ਦਿਵਸ ਜਿਵੇਂ ਮਹਿਲਾ ਦਿਵਸ, ਨਾਰੀ ਸ਼ਕਤੀ ਵਰ੍ਹਾ, ਨੰਨ੍ਹੀ ਛਾਂ ਵਰਗੀਆਂ ਲਹਿਰਾਂ ਚਲਾ ਕੇ ਦਿਖਾਵੇ ਕਰਨ ਦੀ ਥਾਂ ਲੋਕਾਂ ਦੀ ਮਾਨਸਿਕਤਾ ਵਿਚ ਉਸਾਰੂ ਬਦਲਾਅ ਲਿਆਂਦੇ ਜਾਣ। ਇਸ ਨਾਲ ਹੀ ਸਾਡੇ ਸਮਾਜ ਵਿਚ ਇਨਕਲਾਬੀ ਤਬਦੀਲੀ ਆਵੇਗੀ। •

ਮੋਬਾਈਲ : 94174-07778

# ਸ਼ੇਰਨੀ

**ਮੈਂ ਵੇਖਿਆ ਕਿ ਸਦਾ ਚੁੱਪਚਾਪ ਰਹਿਣ ਵਾਲੀ ਕੁੜੀ ਬੱਸ ਦੇ ਕੰਡਕਟਰ ਨਾਲ ਉੱਚੀ-ਉੱਚੀ ਬਹਿਸ ਰਹੀ ਸੀ...**

ਗੱਲ ਪਿਛਲੇ ਸਾਲ ਦੀ ਹੈ। ਜਦੋਂ ਮੈਂ ਬਠਿੰਡੇ ਐੱਮਫਿਲ ਵਿਚ ਦਾਖ਼ਲ ਹੁੰਦਿਆਂ ਹੀ ਹੋਰ ਵਿਦਿਆਰਥੀਆਂ ਦੀ ਤਰ੍ਹਾਂ ਬੱਸ ਦੀ ਸਵਾਰੀ ਬਣ ਗਿਆ। ਅਸੀਂ ਹਰ ਰੋਜ਼ ਸਵੇਰੇ ਰਾਮਪੁਰੇ ਤੋਂ ਬਠਿੰਡੇ ਜਾਣ ਲਈ ਸਰਕਾਰੀ ਬੱਸ ਦੀ ਉਡੀਕ ਕਰਨ ਲਗਦੇ। ਬੱਸ ਆਉਣ 'ਤੇ ਉਸ ਵਿਚ ਸਭ ਤੋਂ ਪਹਿਲਾਂ ਚੜ੍ਹਨ ਲਈ ਹੱਲਾ ਬੋਲ ਦੇਣਾ। ਮੇਰੀ ਨਜ਼ਰ ਅਕਸਰ ਉਸ ਕੁੜੀ ਉੱਪਰ ਜਾ ਪੈਂਦੀ, ਜਿਸ ਨੇ ਬੱਸ ਆਉਣ 'ਤੇ ਸਾਰੀਆਂ ਕੁੜੀਆਂ ਤੋਂ ਪਿੱਛੇ ਖੜ੍ਹੀ ਹੋ ਜਾਣਾ ਤੇ ਆਪ ਓਦੋਂ ਚੜ੍ਹਨਾ ਜਦੋਂ ਸਾਰੀਆਂ ਕੁੜੀਆਂ ਨੇ ਬੱਸ 'ਚ ਚੜ੍ਹ ਜਾਣਾ।

ਉਸ ਕੁੜੀ ਦੀ ਇਹ ਅਨੋਖੀ ਆਦਤ ਅਕਸਰ ਮੇਰਾ ਧਿਆਨ ਆਪਣੇ ਵੱਲ ਖਿੱਚ ਲੈਂਦੀ। ਬੇਸ਼ੱਕ ਚੜ੍ਹਦੀ ਉਮਰੇ ਹਰ ਇਕ ਨੂੰ ਸੋਹਣਾ ਦਿਖਣ ਦਾ ਸ਼ੌਕ ਹੁੰਦਾ ਹੈ ਪ੍ਰੰਤੂ ਬਹੁਤ ਸਾਰੇ ਮੁੰਡੇ-ਕੁੜੀਆਂ ਨੇ ਅਜਿਹਾ ਹਾਰ-ਸ਼ਿਗਾਰ ਕੀਤਾ ਹੁੰਦਾ ਸੀ ਕਿ ਵੇਖਣ ਵਾਲੇ ਨੂੰ ਪਹਿਲੀ ਨਜ਼ਰੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਪੜ੍ਹਨ ਲਈ ਨਹੀਂ ਸਗੋਂ ਕਿਸੇ ਫ਼ਿਲਮ ਦੀ ਸ਼ੂਟਿੰਗ 'ਤੇ ਜਾ ਰਹੇ ਹੋਣ, ਪ੍ਰੰਤੂ ਮੈਂ ਕਦੇ ਵੀ ਉਸ ਕੁੜੀ ਦੀ ਕੁਦਰਤੀ ਸੁੰਦਰਤਾ ਨੂੰ ਨਕਲੀ ਸਜਾਵਟ ਦੇ ਬੋਝ ਥੱਲੇ ਦੱਬੀ ਹੋਈ ਨਹੀਂ ਸੀ ਵੇਖਿਆ। ਜਿਵੇਂ ਉਹ ਜਾਣਦੀ ਹੋਵੇ ਕਿ ਸੁੰਦਰਤਾ ਤਨ ਦੀ ਨਹੀਂ, ਮਨ ਦੀ ਹੋਣੀ ਬਹੁਤ ਜ਼ਰੂਰੀ ਹੈ।

ਜਦੋਂ ਬੱਸ ਵਿਚ ਬੈਠ ਕੇ ਮੁੰਡੇ-ਕੁੜੀਆਂ ਨੇ ਕੰਨਾਂ ਵਿਚ ਈਅਰ-ਪਲੱਗ ਫਸਾ ਲੈਣੇ ਤਾਂ ਉਸ ਕੁੜੀ ਨੇ ਕੋਈ ਨਾ ਕੋਈ ਕਿਤਾਬ ਖੋਲ੍ਹ ਕੇ ਪੜ੍ਹਨਾ ਸ਼ੁਰੂ ਕਰ ਦੇਣਾ ਤੇ ਬੱਸ ਵਿਚ ਪੈਂਦੀ ਕਾਵਾਂ-ਰੌਲੀ ਦੀ ਪ੍ਰਵਾਹ ਕੀਤੇ ਬਿਨਾਂ ਪੜ੍ਹਨ ਵਿਚ ਮਗਨ ਹੋ ਜਾਣਾ। ਖ਼ੁਦ ਕਿਤਾਬੀ-ਕੀੜਾ ਹੋਣ ਕਰਕੇ ਉਸ ਦੀ ਕਿਤਾਬਾਂ ਪੜ੍ਹਨ ਦੀ ਆਦਤ ਮੈਨੂੰ ਬਹੁਤ ਚੰਗੀ ਲੱਗਦੀ ਸੀ। ਫਿਰ ਇਕ ਦਿਨ ਮੈਂ ਉਸ ਦਾ ਇਕ ਅਜਿਹਾ ਰੂਪ ਵੇਖਿਆਂ ਕਿ ਮੈਂ ਹੈਰਾਨ ਰਹਿ ਗਿਆ। ਉਸ ਦਿਨ ਮੇਰੇ ਪਿੰਡ ਤੋਂ ਜਾਣ ਵਾਲੀ ਬੱਸ ਜਦ ਦੇਰੀ ਨਾਲ ਸ਼ਹਿਰ ਪਹੁੰਚੀ ਤਾਂ ਮੈਂ ਵੇਖਿਆ ਕਿ ਸਦਾ ਚੁੱਪਚਾਪ ਰਹਿਣ ਵਾਲੀ ਕੁੜੀ ਬੱਸ ਦੇ ਕੰਡਕਟਰ ਨਾਲ ਉੱਚੀ-ਉੱਚੀ ਬਹਿਸ ਰਹੀ ਸੀ। ਅਸਲ ਵਿਚ ਬਹਿਸ ਦਾ ਕਾਰਨ ਇਹ ਸੀ ਕਿ ਉਹ ਕੰਡਕਟਰ ਪੰਦਰਾਂ ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਬੱਸ ਵਿਚ ਚੜ੍ਹਾਉਣ ਤੋਂ ਮਨ੍ਹਾਂ ਕਰ ਰਿਹਾ ਸੀ ਤੇ ਉਹ ਕੁੜੀ ਸਾਰੇ ਵਿਦਿਆਰਥੀਆਂ ਨੂੰ ਚੜ੍ਹਾਉਣ ਲਈ ਬਜ਼ਿਦ ਖੜ੍ਹੀ ਸੀ। ਮੈਨੂੰ ਦੁੱਖ ਇਸ ਗੱਲ ਦਾ ਹੋ ਰਿਹਾ ਸੀ ਕਿ ਗੱਲ-ਗੱਲ 'ਤੇ ਮਰਦਾਨਗੀ ਦਿਖਾਉਣ ਵਾਲੇ ਮੁੰਡੇ ਠੰਢੀਆਂ ਅੱਖਾਂ ਨਾਲ ਤਮਾਸ਼ਾ ਵੇਖ ਰਹੇ ਸਨ ਤੇ ਮਾਣ ਮੈਨੂੰ ਇਸ ਗੱਲ ਦਾ ਹੋ ਰਿਹਾ ਸੀ ਕਿ ਅੱਜ ਦੀ ਔਰਤ ਚੰਮ ਦੀ ਗੁੱਡੀ ਨਹੀਂ ਰਹੀ ਸਗੋਂ ਉਹ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਖ਼ੁਦ ਲੜ ਸਕਦੀ ਹੈ। ਮੈਂ ਸੋਚ ਰਿਹਾ ਸੀ ਕਿ ਕਾਸ਼! ਹਰ ਮਾਪਿਆਂ ਦੀ ਇਕ ਅਜਿਹੀ ਸਚੁੱਜੀ ਧੀ ਹੋਵੇ ਤਾਂ ਜੋ ਉਨ੍ਹਾਂ ਨੂੰ ਕਦੇ ਵੀ ਧੀ ਦੇ ਮਾਪੇ ਹੋਣ ਕਾਰਨ ਕਿਸੇ ਡਰ ਦਾ ਸਾਹਮਣਾ ਨਾ ਕਰਨਾ ਪਵੇ। ਸੋਹਣੀ ਸੀਰਤ ਤੇ ਉੱਚੇ-ਸੁੱਚੇ ਖ਼ਿਆਲਾਂ ਦੀ ਮਾਲਕ ਉਹ ਕੁੜੀ ਮੈਨੂੰ ਸੱਚਮੁੱਚ ਸ਼ੇਰਨੀ ਜਾਪੀ।

• ਧੀਰਾ ਖੋਖਰ
90413-33768



# ਕੰਮ ਦੀਆਂ ਗੱਲਾਂ...

- ਅਕਸਰ ਖੰਡ ਦੇ ਡੱਬੇ 'ਚ ਕੀੜੀਆਂ ਵੜ ਜਾਂਦੀਆਂ ਹਨ। ਮੁਸ਼ਕ-ਕਪੂਰ ਦੀ ਪੁੜੀ ਬੰਨ੍ਹ ਕੇ ਚੀਨੀ ਵਾਲੇ ਡੱਬੇ ਵਿਚ ਰੱਖ ਦਿਓ, ਕੀੜੀਆਂ ਨਹੀਂ ਆਉਣਗੀਆਂ।
- ਮਿਕਸਰ ਜਾਂ ਰਸੋਈ ਦੇ ਹੋਰ ਉਪਕਰਣਾਂ ਦੀ ਮੋਟਰ ਵਿਚ ਕੌਕਰੋਚ ਨਾ ਵੜ ਸਕਣ, ਇਸ ਲਈ ਉਨ੍ਹਾਂ ਦੇ ਪੇਚ ਖੋਲ੍ਹ ਕੇ ਇਕ-ਦੋ ਨੈਪਥੈਲੀਨ (ਫਿਨਾਇਲ) ਦੀਆਂ ਗੋਲੀਆਂ ਵਿਚ ਰੱਖ ਦਿਓ।
- ਜੇ ਰਸੋਈ ਦੀ ਸਿੰਕ ਵਾਲੀ ਨਾਲੀ ਵਿਚ ਦੋ-ਤਿੰਨ ਫਿਨਾਈਲ ਦੀਆਂ ਗੋਲੀਆਂ ਪਾ ਦੇਈਏ ਤਾਂ ਨਾਲੀ ਰਾਹੀਂ ਆਉਣ ਵਾਲੇ ਕੌਕਰੋਚ ਤੇ ਦੂਜੇ ਕੀੜੇ-ਮਕੌੜੇ ਰਸੋਈ 'ਚ ਨਹੀਂ ਆਉਣਗੇ।
- ਕਾਕਰੋਚਾਂ ਤੋਂ ਛੁਟਕਾਰਾ ਪਾਉਣ ਲਈ ਬੋਰਿਕ ਐਸਿਡ ਪਾਊਡਰ ਅਤੇ ਕਣਕ ਦਾ ਆਟਾ ਬਰਾਬਰ ਮਾਤਰਾ ਵਿਚ ਗੁੰਨ੍ਹ ਕੇ ਛੋਟੀਆਂ-ਛੋਟੀਆਂ ਗੋਲੀਆਂ ਬਣਾ ਲਓ। ਜਿੱਥੇ ਜ਼ਿਆਦਾ ਕੌਕਰੋਚ ਹੋਣ, ਉੱਥੇ ਰੱਖ ਦਿਓ, ਕੌਕਰੋਚ ਆਪੇ ਗਾਇਬ ਹੋ ਜਾਣਗੇ।
- ਥੋੜ੍ਹਾ ਜਿਹਾ ਬੋਰਿਕ ਐਸਿਡ ਪਾਊਡਰ ਜਾਂ ਸਵਾਹ ਨੂੰ ਹਲਦੀ ਵਿਚ ਮਿਲਾ ਕੇ ਕੀੜੀਆਂ ਦੀ ਖੁੱਡ ਦੇ ਬਾਹਰ ਪਾ ਦਿੱਤਾ ਜਾਵੇ ਤਾਂ ਕੀੜੀਆਂ ਬਾਹਰ ਨਹੀਂ ਆਉਣਗੀਆਂ।
- ਕਾਲੀਆਂ ਕੀੜੀਆਂ ਰਸੋਈ ਵਿਚ ਨਾ ਆਉਣ, ਇਸ ਲਈ ਰਸੋਈ ਦੀ ਖਿੜਕੀ ਵਿਚ ਗੰਧਕ ਦਾ ਟੁਕੜਾ ਰੱਖ ਦਿਓ। ਸ਼ਹਿਦ ਵਿਚ ਦੋ-ਚਾਰ ਲੌਂਗ ਪਾ ਦਿਓ, ਕੀੜੀਆਂ ਨਹੀਂ ਚੜ੍ਹਨਗੀਆਂ।
- ਸ਼ੱਕਰ ਦੇ ਪਾਣੀ ਵਾਲਾ ਗਿੱਲਾ ਕੱਪੜਾ ਕੀੜੀਆਂ ਦੀ ਖੁੱਡ ਦੇ ਕੋਲ ਰੱਖ ਦਿਓ, ਕੀੜੀਆਂ ਉਸ ਨਾਲ ਹੀ ਚਿੰਬੜ ਕੇ ਮਰ ਜਾਣਗੀਆਂ।
- ਮਿੱਠੀਆਂ ਚੀਜ਼ਾਂ, ਜਿਸ ਬਰਤਨ ਵਿਚ ਰੱਖੀਆਂ ਹੋਣ, ਉਸ ਬਰਤਨ ਦੇ ਕਿਨਾਰਿਆਂ 'ਤੇ ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ ਲਗਾ ਦਿਓ, ਕੀੜੀਆਂ ਨਹੀਂ ਆਉਣਗੀਆਂ।
- ਅਲਮਾਰੀ ਵਿਚ ਤੇਜਪੱਤਰ ਦਾ ਗੁੱਛਾ ਲਟਕਾਓ, ਮੱਖੀ-ਮੱਛਰ ਅਤੇ ਕੀੜੀਆਂ ਨਹੀਂ ਆਉਣਗੀਆਂ।
- ਮੱਛਰਾਂ ਤੋਂ ਬਚਾਅ ਲਈ ਥੋੜ੍ਹੇ ਜਿਹੇ ਪਿਆਜ਼ ਕਮਰੇ ਵਿਚ ਲਟਕਾ ਦਿਓ।
- ਵਰਤੋਂ ਵਿਚ ਲਿਆਂਦੀਆਂ ਹੋਈਆਂ ਮੱਛਰ ਮਾਰਨ ਵਾਲੀਆਂ ਟਿੱਕੀਆਂ ਨੂੰ ਟੀਨ ਦੇ ਡੱਬੇ ਵਿਚ ਇਕੱਠੀਆਂ ਕਰ ਲਓ। ਜਿਸ ਦਿਨ ਘਰ ਵਿਚ ਬਿਜਲੀ ਨਾ ਹੋਵੇ, ਉਸ ਦਿਨ ਇਨ੍ਹਾਂ ਨੂੰ ਇਕੱਠਿਆਂ ਬਾਲ ਕੇ ਬੁਝਾ ਦਿਓ। ਥੋੜ੍ਹੀ ਦੇਰ ਵਿਚ ਹੀ ਘਰ 'ਚੋਂ ਸਾਰੇ ਮੱਛਰ ਭੱਜ ਜਾਣਗੇ।
- ਗਰਮ ਪਾਣੀ ਵਿਚ ਸਪੰਜ ਭਿਉਂ ਕੇ ਉਸ ਨੂੰ ਨਿਚੋੜ ਲਓ ਤੇ ਉਸ ਉੱਤੇ 2-3 ਬੂੰਦਾਂ ਚਮੇਲੀ ਦੇ ਤੇਲ ਦੀਆਂ ਪਾ ਕੇ ਕਮਰੇ ਵਿਚ ਲਟਕਾ ਦਿਓ, ਮੱਖੀ-ਮੱਛਰ ਦੂਰ ਰਹਿਣਗੇ ।
- ਮੱਛਰ ਨੂੰ ਭਜਾਉਣ ਦਾ ਆਸਾਨ ਤਰੀਕਾ ਹੈ ਕਿ ਪਲੰਘ, ਕੁਰਸੀ ਆਦਿ ਦੇ ਹੇਠਾਂ ਪਿਆਜ਼ ਦਾ ਰਸ ਛਿੜਕ ਦਿਓ।
- ਇਕ ਚਮਚਾ ਕੌਫੀ ਪਾਊਡਰ ਨੂੰ ਤਵੇ 'ਤੇ ਸਾੜ ਕੇ ਧੂਣੀ ਦਿਓ, ਰਸੋਈ ਵਿੱਚੋਂ ਮੱਖੀ-ਮੱਛਰ ਭੱਜ ਜਾਣਗੇ।
- ਜੇ ਘਰ 'ਚ ਮੱਛਰ ਭਜਾਉਣ ਵਾਲੀ ਮਸ਼ੀਨ ਨਹੀਂ ਹੈ ਤਾਂ ਨਾਈਟ ਲੈਂਪ ਜਗਾ ਕੇ ਉਸ 'ਤੇ ਮੱਛਰ ਭਜਾਉਣ ਵਾਲੀ ਟਿੱਕੀ ਰੱਖ ਦਿਓ, ਉਹ ਮਸ਼ੀਨ ਦਾ ਹੀ ਕੰਮ ਕਰੇਗੀ ਤੇ ਇਸ ਨਾਲ ਮੱਛਰ ਭੱਜ ਜਾਣਗੇ।
- ਮੰਜੇ 'ਤੇ ਸ਼ਹਿਤੂਤ ਦੇ ਪੱਤੇ ਵਿਛਾ ਦੇਣ ਨਾਲ ਖਟਮਲ ਭੱਜ ਜਾਂਦੇ ਹਨ।
- ਘਰ ਵਿਚ ਚੂਹੇ ਹੋਣ ਤਾਂ ਕਿਤਾਬਾਂ ਦੇ ਰੈਕ ਜਾਂ ਕੱਪੜਿਆਂ ਵਾਲੀ ਅਲਮਾਰੀ ਵਿਚ ਫਿਨਾਈਲ ਦੀਆਂ ਗੋਲੀਆਂ ਰੱਖੋ, ਚੂਹੇ ਭੱਜ ਜਾਣਗੇ।
- ਫਟਕੜੀ ਦਾ ਚੂਰਾ ਚੂਹਿਆਂ ਦੀ ਖੁੱਡ ਅਤੇ ਘੁੰਮਣ ਵਾਲੀ ਥਾਂ 'ਤੇ ਰੱਖ ਦਿਓ, ਚੂਹੇ ਨਹੀਂ ਆਉਣਗੇ।
- ਚੂਹੇ ਫੜਨ ਲਈ ਚੂਹੇਦਾਨੀ ਵਿਚ ਰੋਟੀ ਲਗਾਉਂਦੇ ਸਮੇਂ ਜੇਕਰ ਰੋਟੀ 'ਤੇ ਜੈਮ ਲਗਾ ਦਿੱਤਾ ਜਾਵੇ ਤਾਂ ਚੂਹੇ ਖ਼ੁਸ਼ਬੂ ਕਾਰਨ ਉਸ ਵਿਚ ਜ਼ਰੂਰ ਫਸਣਗੇ।
- ਕਿਰਲੀਆਂ ਭਜਾਉਣ ਲਈ ਕਮਰੇ ਵਿਚ ਮੋਰ ਦੇ ਖੰਭ ਰੱਖੋ।
- ਗੱਦਿਆਂ ਵਿਚ ਵੜ ਕੇ ਪਰੇਸ਼ਾਨ ਕਰਨ ਵਾਲੇ ਛੋਟੇ-ਛੋਟੇ ਕੀੜਿਆਂ ਤੋਂ ਬਚਣ ਲਈ ਗੱਦਿਆਂ ਦੇ ਹੇਠ ਜੇ ਥੋੜ੍ਹੀ ਕਾਲੀ ਮਿਰਚ ਦਾ ਪਾਊਡਰ ਪਾ ਦਿੱਤਾ ਜਾਵੇ ਤਾਂ ਬੈੱਡ ਉੱਪਰ ਕੀੜੇ ਨਹੀਂ ਆਉਣਗੇ।
- ਜੇ ਬੱਚਿਆਂ ਦੇ ਸਿਰ ਵਿਚ ਜੂੰਆਂ ਪੈ ਗਈਆਂ ਹੋਣ ਤਾਂ ਰਾਤ ਸਮੇਂ ਸਿਰਹਾਣੇ 'ਤੇ ਤੁਲਸੀ ਦੀਆਂ ਪੱਤੀਆਂ ਖਿਲਾਰਨ ਨਾਲ ਜੂੰਆਂ ਭੱਜ ਜਾਣਗੀਆਂ। ਜੇ ਜੂੰਆਂ ਇਕ ਵਾਰ ਨਾ ਭੱਜਣ ਤਾਂ ਇਸ ਪ੍ਰਕਿਰਿਆ ਨੂੰ ਦੋ-ਤਿਨ ਵਾਰ ਦੋਹਰਾਓ।

• ਪੰਕਜ ਸੂਦ

**ਉਹ ਆਪ ਹੀ ਦੱਸਣ ਲੱਗੀ ਕਿ ਉਸ ਦੀ ਭੈਣ ਮੇਰੇ ਘਰ ਵਾਲੇ ਨਾਲ ਵਿਆਹੀ ਹੋਈ ਸੀ ਪਰ ਉਹ ਉਸ ਨੂੰ ਚੰਗੀ ਨਾ ਲੱਗੀ ਕਿਉਂਕਿ ਉਹ ਸੁਸਤ ਸੀ ਥੋੜ੍ਹੀ, ਇਸ ਲਈ ਤਲਾਕ ਹੋ ਗਿਆ ਤੇ ਮੇਰਾ ਵਿਆਹ ਭੈਣ ਦੇ ਘਰ ਵਾਲੇ ਨਾਲ ਕਰ ਦਿੱਤਾ ਮੇਰੇ ਪਿਓ ਨੇ...**

# ਦਰਦ ਨਾ ਜਾਣੇ ਕੋਈ



• ਸਤਨਾਮ ਚੌਹਾਨ

ਗੇਟ ਦੀ ਘੰਟੀ ਵੱਜਦੀ ਹੈ। ਬਾਹਰ ਵੇਖਦੀ ਹਾਂ। ਕੋਈ ਔਰਤ ਗੇਟ 'ਤੇ ਖੜ੍ਹੀ ਹੈ। ਪਛਾਨਣ ਦੀ ਕੋਸ਼ਿਸ਼ ਕਰਦੀ ਹਾਂ। ਇਹ ਸਫ਼ਾਈ ਸੇਵਿਕਾ ਤਾਂ ਲੱਗ ਨਹੀਂ ਰਹੀ, ਉਹ ਤਾਂ ਪੈਸੇ ਲੈ ਗਈ ਸੀ। ਪਰ ਇਹ ਹੈ ਕੌਣ, ਜਾਣੀ-ਪਛਾਣੀ ਲੱਗ ਰਹੀ ਹੈ। ਦਿਮਾਗ਼ 'ਤੇ ਜ਼ੋਰ ਦੇ ਕੇ ਸੋਚਦੀ ਹਾਂ ਤਾਂ ਕੁਝ ਯਾਦ ਨਹੀਂ ਆਉਂਦਾ। ਉਹ ਆਪ ਹੀ ਬੋਲ ਪਈ, 'ਭੈਣ ਜੀ ਬੂਹਾ ਖੋਲ੍ਹੋ ਮੈਂ...ਮੈਂ ਜੀਤੀ।'

'ਜੀਤੀ...?' ਇਸ ਤਰ੍ਹਾਂ ਦੀ ਹਾਲਤ 'ਚ ਕਿਥੋਂ ਆ ਰਹੀ ਏਂ? ਭੈਣ ਜੀ....ਇਸ ਤੋਂ ਅੱਗੇ ਉਸ ਤੋਂ ਬੋਲਿਆ ਨਹੀਂ ਜਾ ਰਿਹਾ ਸੀ। ਛੰਮ-ਛੰਮ ਅੱਥਰੂ ਉਸ ਦੀਆਂ ਅੱਖਾਂ ਚੋਂ ਵਗ ਤੁਰੇ। ਜੀਤੀ ਨੂੰ ਬੈਠਣ ਲਈ ਕਹਿ ਕੇ ਪਾਣੀ ਦਾ ਗਿਲਾਸ ਉਸ ਨੂੰ ਫੜਾਉਂਦੇ ਹੋਏ ਪੁੱਛਿਆ, 'ਕੀ ਹੋਇਆ?' 'ਬਸ...ਭੈਣ ਜੀ! ਮੇਰੀ ਤਾਂ ਕਿਸਮਤ ਹੀ ਮਾੜੀ ਹੈ' ਕਹਿ ਕੇ ਉਹ ਰੋਣ ਲੱਗੀ। ਮੈਂ ਉਸ ਨੂੰ ਚੁੱਪ ਕਰਾਉਂਦਿਆਂ ਪੁੱਛਿਆ,

'ਦੱਸ ਤਾਂ ਸਹੀ ਕੀ ਹੋਇਆ?

'ਭੈਣ ਜੀ, ਥਾਣੇ ਰਿਪੋਰਟ ਲਿਖਵਾ ਕੇ ਆਈ ਹਾਂ।'

'ਕਿਉਂ, ਕੀ ਹੋਇਆ?'

'ਮੇਰੇ ਦਿਓਰ ਦਾ ਕੀ ਹੱਕ ਹੈ ਮੈਨੂੰ ਮਾਰਨ ਦਾ, ਉਹ ਨੇ ਮੈਨੂੰ ਕੁੱਟਿਆ ਹੈ।' ਤੇ ਉਹ ਫਿਰ ਡੁਸਕਣ ਲੱਗੀ।

ਜੀਤੀ ਸਾਡੇ ਘਰ ਕਿਰਾਏ 'ਤੇ ਰਹਿ ਕੇ ਗਈ ਸੀ। ਸੋਹਣੀ-ਸਨੁੱਖੀ, ਹੱਥ ਲਾਇਆਂ ਮੈਲੀ ਹੁੰਦੀ ਪਰ...! ਰੱਬ ਨੇ ਕਿਸਮਤ ਚੰਗੀ ਨਾ ਲਿਖੀ। ਜੀਤੀ ਜਦੋਂ ਆਈ ਤਾਂ ਉਸ ਦਾ ਪੈਰ ਭਾਰੀ ਸੀ, ਇਕ ਕੁੜੀ ਪਹਿਲਾਂ ਸੀ। ਮੈਂ ਪੁੱਛਿਆ ਕਿ ਜੀਤੀ ਦੂਜੀ ਧੀ ਹੋ ਗਈ, ਇਸ ਲਈ...? ਨਹੀਂ ਭੈਣ ਜੀ, ਇਹ ਮੇਰੀ ਨਹੀਂ ਮੇਰੀ ਭੈਣ ਦੀ ਬੇਟੀ ਹੈ। ਮੇਰੇ ਤਾਂ ਲੜਕਾ ਹੈ। ਮੈਂ ਹੈਰਾਨ ਹੋ ਕੇ ਪੁੱਛਿਆ ਕਿ ਤੁਹਾਡੀ ਭੈਣ? ਉਹ ਆਪ ਹੀ ਦੱਸਣ ਲੱਗੀ ਕਿ ਉਸ ਦੀ ਭੈਣ ਹੀ ਮੇਰੇ ਘਰ ਵਾਲੇ ਨੂੰ ਵਿਆਹੀ ਹੋਈ ਸੀ ਪਰ ਉਹ ਉਸ ਨੂੰ ਚੰਗੀ ਨਾ ਲੱਗੀ ਕਿਉਂਕਿ ਉਸ ਸੁਸਤ ਸੀ ਥੋੜ੍ਹੀ, ਇਸ ਲਈ ਤਲਾਕ ਹੋ ਗਿਆ ਤੇ ਮੇਰਾ ਵਿਆਹ ਭੈਣ ਦੇ ਘਰ ਵਾਲੇ ਨਾਲ ਕਰ ਦਿੱਤਾ ਮੇਰੇ ਪਿਓ ਨੇ।

ਹੈਂ! ਮੈਂ ਹੈਰਾਨ ਹੋ ਪੁੱਛਿਆ, 'ਇਹ ਕਿਸ ਤਰ੍ਹਾਂ, ਜਦੋਂ ਕਿ ਪਹਿਲੀ ਧੀ ਦਾ ਤਲਾਕ ਹੋਇਆ ਹੋਵੇ ਤੇ ਫਿਰ ਕਿਸ ਤਰ੍ਹਾਂ ਮਾਪਿਆਂ ਨੇ ਆਪਣੀ ਦੂਜੀ ਬੇਟੀ ਦਾ ਰਿਸ਼ਤਾ ਕਰ ਦਿੱਤਾ, ਪਹਿਲੀ ਧੀ ਦੇ ਘਰ ਵਾਲੇ ਨਾਲ ਵਿਆਹ?

ਜੀਤੀ ਕਹਿੰਦੀ 'ਭੈਣ ਜੀ ਕੀ ਕਰਦੀ, ਮੇਰਾ ਪਿਓ ਅੰਤਾਂ ਦੀ ਦਾਰੂ ਪੀਂਦਾ। ਫ਼ੌਜ ਵਿੱਚੋਂ ਰਿਟਾਇਰ ਹੋ ਕੇ ਆਇਆ ਹੈ, ਥੋੜ੍ਹੀ ਬਹੁਤੀ ਜੋ ਪੈਨਸ਼ਨ ਮਿਲਦੀ ਹੈ ਉਹ ਦਾਰੂ 'ਚ ਉੱਡਾ ਦਿੰਦਾ ਹੈ। ਘਰ ਬਿਮਾਰ ਮਾਂ ਸ਼ੂਗਰ ਦੀ ਮਰੀਜ਼, ਰੱਜ ਕੇ ਦਾਰੂ ਨਾਲ ਪਿਓ ਮਾਂ ਨੂੰ ਮਾਰਦਾ, ਗਾਲ੍ਹਾਂ ਕੱਢਦਾ। ਘਰ 'ਚ ਭੰਗ ਭੁੱਜਦੀ, ਮੈਂ ਇਸ ਨਰਕ 'ਚੋਂ ਨਿਕਲਣਾ ਚਾਹੁੰਦੀ ਸੀ। ਇਸ ਲਈ ਬਿਨਾਂ ਕਿਸੇ ਨਾਂਹ-ਨੁਕਰ ਤੋਂ ਸ਼ਿੰਦੇ ਨਾਲ ਵਿਆਹ ਕਰਾ ਲਿਆ ਪਰ ਕਹਿੰਦੇ ਹਨ ਕਿ ਬੰਦੇ ਦੇ ਭਾਗ ਨਾਲ ਹੀ ਰਹਿੰਦੇ ਹਨ, ਉਹ ਚਾਹੇ ਜਿੱਥੇ ਮਰਜ਼ੀ ਚਲਾ ਜਾਵੇ। ਮੇਰੇ ਨਾਲ ਵੀ ਇਹੋ-ਜਿਹਾ ਹੀ ਵਾਪਰਿਆ। ਜਿਸ ਸ਼ਰਾਬੀ ਪਿਓ ਤੋਂ ਡਰਦੀ ਨੇ ਤਲਾਕਸ਼ੁਦਾ ਜੀਜੇ ਨਾਲ ਵਿਆਹ ਕਰਵਾਇਆ ਸੀ, ਉਹ ਵੀ ਸ਼ਰਾਬੀ ਹੈ, ਨਾ ਕੋਈ ਕੰਮ, ਨਾ ਕਾਰ, ਸਿਰਫ਼ ਵਿਖਾਵਾ।' ਜਦੋਂ ਮੇਰੀ ਕੋਠੀ ਕਿਰਾਏ 'ਤੇ ਲੈਣੀ ਸੀ ਤਾਂ ਜੀਤੀ ਦਾ ਸਹੁਰਾ ਆਇਆ ਸੀ ਪੁੱਛਣ। ਉਸ ਨੇ ਦੱਸਿਆ ਕਿ ਮੈਂ ਡੀਐੱਸਪੀ ਹਾਂ। ਅਸੀਂ ਸੋਚਿਆਂ ਚਲੋ ਛੋਟਾ ਜਿਹਾ ਪਰਿਵਾਰ ਹੈ, ਇਸ ਲਈ ਕਿਰਾਏ 'ਤੇ ਕੋਠੀ ਦੇ ਦਿੱਤੀ ਪਰ ਜੀਤੀ ਦੇ ਹਾਲਾਤ ਤਾਂ ਬਹੁਤੀ ਵਧੀਆ ਨਹੀਂ ਸਨ। ਸ਼ਿੰਦਾ ਨਿੱਤ ਸ਼ਰਾਬ ਪੀ ਕੇ ਆਉਂਦਾ, ਸਹੁਰਾ ਵੀ ਪੀਂਦਾ। ਅਸੀਂ ਪਰੇਸ਼ਾਨ ਹੋ ਗਏ। ਸਾਡਾ ਧੀਆਂ ਵਾਲਾ ਘਰ ਤੇ ਇਹ ਕਿੱਥੋਂ ਸ਼ਰਾਬੀ ਟੱਬਰ ਕਿਰਾਏ 'ਤੇ ਰੱਖ ਲਿਆ। ਮਕਾਨ ਖਾਲੀ ਕਰਨ ਨੂੰ ਕਿਹਾ। ਜੀਤੀ ਆਪਣੀ ਧੀ ਤੇ ਹੋਣ ਵਾਲੇ ਬੱਚੇ ਦਾ ਵਾਸਤਾ ਦੇ ਕੇ ਕਹਿੰਦੀ, 'ਭੈਣ ਜੀ, ਸਾਨੂੰ ਥੋੜ੍ਹੀ ਦੇਰ ਹੋਰ ਰਹਿਣ ਦਿਓ। ਅਸੀਂ ਇਨਸਾਨੀਅਤ ਦੇ ਨਾਂ 'ਤੇ ਉਸ ਨੂੰ ਜਣੇਪੇ ਤਕ ਰਹਿਣ ਲਈ ਹਾਂ ਕਰ ਦਿੱਤੀ। ਜੀਤੀ ਨੇ ਧੀ ਨੂੰ ਜਨਮ ਦਿੱਤਾ।

ਉਹ ਕਿਰਾਇਆ ਬੜੀ ਮੁਸ਼ਕਿਲ ਦਿੰਦੀ ਸੀ, ਪੈਸੇ ਕਦੀ ਆਪਣੀ ਭੈਣ ਤੋਂ ਮੰਗਵਾਉਂਦੀ। ਪਤਾ ਨਹੀਂ ਕਿਸ ਤਰ੍ਹਾਂ ਉਹ ਘਰ ਚਲਾਉਂਦੀ ਸੀ। ਉਸ ਦਾ ਦਿਓਰ ਜਦੋਂ ਵੀ ਆਉਂਦਾ ਰੋਅਬ ਪਾਉਂਦਾ ਉਸ 'ਤੇ। ਉਹ ਵਿਚਾਰੀ ਪਿੱਛੋਂ ਪੇਕਿਆਂ ਤੋਂ ਕੋਈ ਡਰ ਨਾ ਹੋਣ ਕਰਕੇ ਉਸ ਨੂੰ ਸਹੁਰੇ ਪਰਿਵਾਰ ਵਾਲੇ ਜੋ ਮਰਜ਼ੀ ਕਹਿੰਦੇ। ਕੀ ਕਰਦੀ ਉਹ ਕਦੇ ਲੜਦੀ, ਕਦੇ ਰੋਂਦੀ ਪਰ ਫਿਰ ਜਿਵੇਂ ਕਿਵੇਂ ਆਪਣੀ ਜ਼ਿੰਦਗੀ ਨੂੰ ਚਲਾਉਣ ਦੀ ਕੋਸ਼ਿਸ਼ ਕਰਦੀ।

'ਜੀਤੀ ਹੁਣ ਤਾਂ ਕਿਤੇ ਹੋਰ ਰਹਿੰਦੀ ਏਂ ਤੂੰ।' ਮੈਂ ਉਹ ਨੂੰ ਪੁੱਛਿਆ, 'ਫੇਰ ਅੱਜ ਇਸ ਹਾਲਤ 'ਚ ਕਿਸ ਤਰ੍ਹਾਂ ਇੱਥੇ?' ਭੈਣ ਜੀ, ਮੈਂ ਵੱਡੀ ਕੁੜੀ ਨੂੰ ਲੈਣ ਆਈ ਸਾਂ, ਉਹ ਇੱਥੇ ਦਿਓਰ ਤੇ ਸੱਸ-ਸਹੁਰੇ ਨਾਲ ਰਹਿੰਦੀ ਹੈ। ਇਸ ਦੀ ਮਾਂ ਇਸ ਲਈ ਮੁੰਡੇ ਦੀ ਦੱਸ ਪਾ ਰਹੀ ਹੈ, ਮੈਂ ਲੈਣ ਆਈ ਸੀ ਇਸ ਨੂੰ। ਜੇ ਇਹਦਾ ਕਿਤੇ ਚੰਗੇ ਥਾਂ ਰਿਸ਼ਤਾ ਹੋ ਜਾਵੇ ਤਾਂ ਘੱਟੋ-ਘੱਟ ਇਹ ਤਾਂ ਇਸ ਨਰਕ 'ਚੋਂ ਨਿਕਲੇ।

ਸ਼ਿੰਦਾ ਹੁਣ ਵੀ ਸ਼ਰਾਬ ਪੀਂਦਾ ਹੈ ਤੇ ਕੋਈ ਕੰਮਕਾਰ ਵੀ ਨਹੀਂ ਕਰਦਾ, ਜੇ ਕਿਤੇ ਕੰਮ ਲੱਗ ਵੀ ਜਾਂਦਾ ਤਾਂ ਥੋੜ੍ਹੀ ਦੇਰ ਬਾਅਦ ਛੱਡ ਆਉਂਦਾ। ਭੈਣ ਜੀ, ਮੈਂ ਪਤਾ ਨਹੀਂ ਕਿਵੇਂ ਗੁਜ਼ਾਰਾ ਕਰਦੀ ਹਾਂ। ਖ਼ਰਚਾ ਮੇਰੀ ਭੈਣ ਭੇਜਦੀ ਹੈ ਤੇ ਕੁਝ ਮੈਂ ਕੰਮ ਕਰ ਕੇ ਲਿਆਉਂਦੀ ਹਾਂ। ਕਿਰਾਏ ਦਾ ਮਕਾਨ ਹੈ। ਹੁਣ ਮੇਰਾ ਦਿਓਰ ਕਹਿੰਦੈ ਕਿ ਵਿਆਹ ਨਾਨਕੇ ਹੀ ਕਰਨਗੇ ਕੁੜੀ ਦਾ। ਮੈਂ ਕਿਹਾ ਕਿ ਕਿਉਂ ਵਿਆਹ ਤੁਸੀਂ ਕਰੋ। ਬੱਸ ਭੈਣ ਜੀ, ਇਸੇ ਗੱਲ ਤੋਂ ਵੱਧ ਗਈ ਗੱਲ। ਬਹਿਸ ਹੋਈ ਤੇ ਉਸ ਨੇ ਮੈਨੂੰ ਧੱਕੇ ਮਾਰੇ ਤੇ ਕੁੱਟਿਆ ਵੀ। ਇੰਨੀ ਦੇਰ 'ਚ ਪੁਲਿਸ ਵਾਲੇ ਦਾ ਫੋਨ ਆਇਆ ਕਿ ਅਸੀਂ ਆ ਰਹੇ ਹਾਂ, ਤੇ ਉਹ ਚੱਲੀ ਗਈ।

ਫਿਰ ਪਤਾ ਨਹੀਂ ਕੀ ਹੋਇਆ ਹੋਵੇਗਾ ਪਰ ਮੈਂ ਜ਼ਰੂਰ ਉਸ ਦੀ ਹਾਲਤ ਵੇਖ ਕੇ ਸੋਚੀਂ ਪੈ ਗਈ ਕਿ ਇਸ ਔਰਤ ਦਾ ਦਰਦ ਕੌਣ ਜਾਣਦਾ ਹੈ। ਸਾਰੀ ਉਮਰ ਬਚਪਨ ਤੋਂ ਲੈ ਕੇ ਆਖ਼ਰੀ ਸਮੇਂ ਤਕ ਧੱਕੇ ਹੀ ਧੱਕੇ। ਫਿਰ ਵੀ ਜੀ ਰਹੀ ਹੈ। ਬੱਚਿਆਂ ਦੀ ਖ਼ਾਤਿਰ, ਆਖ਼ਰ ਮਾਂ ਹੈ! ਪਰ ਇਸ ਦਾ ਦਰਦ ਕੌਣ ਪਛਾਣੇਗਾ? •

ਮੋਬਾਈਲ : 98886-15531

## ਵਿਰੋਧੀ ਗਠਜੋੜ ਦੀ ਸਰਕਾਰ 'ਚ ਰਾਹੁਲ ਨੂੰ ਬਣਨਾ ਚਾਹੀਦਾ ਪ੍ਰਧਾਨ ਮੰਤਰੀ : ਸ਼ਕੀਲ ਅਹਿਮਦ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਸ਼ਕੀਲ ਅਹਿਮਦ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ 2024 ਲਈ ਬਣਨ ਵਾਲੇ ਵਿਰੋਧੀ ਗਠਜੋੜ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਸਰਕਾਰ ਬਣਨ 'ਤੇ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਬਿਆਨ ਅਜਿਹੇ ਸਮੇਂ 'ਚ ਦਿੱਤਾ ਹੈ ਜਦੋਂ ਵਿਰੋਧੀ ਦੀ ਇਕਜੁੱਟਤਾ ਦੇ ਸੰਦਰਭ 'ਚ ਲਗਾਤਾਰ ਚਰਚਾ ਚੱਲ ਰਹੀ ਹੈ। ਅਹਿਮਦ ਨੇ ਦੱਸਿਆ ਕਿ ਈਮਾਨਦਾਰੀ ਦੀ ਗੱਲ ਇਹੀ ਹੈ ਕਿ ਦੇਸ਼ 'ਚ ਦੋ ਰਾਸ਼ਟਰੀ ਪਾਰਟੀਆਂ ਹਨ। ਇਕ ਭਾਰਤੀ ਜਨਤਾ ਪਾਰਟੀ, ਦੂਜੀ ਕਾਂਗਰਸ।

ਕਾਂਗਰਸ ਦੀ ਤਿੰਨ ਸੂਬਿਆਂ 'ਚ ਆਪਣੇ ਬਲ 'ਤੇ ਸਰਕਾਰ ਹੈ, 3-4 ਸੂਬਿਆਂ 'ਚ ਉਹ ਗਠਜੋੜ ਸਰਕਾਰ ਦਾ ਹਿੱਸਾ ਹੈ। ਅਸੀਂ ਘੱਟੋ-ਘੱਟ 10 ਸੂਬਿਆਂ ਵਿਚ ਮੁੱਖ ਵਿਰੋਧੀ ਪਾਰਟੀ ਹਾਂ। ਸ਼ਕੀਲ ਨੇ ਕਿਹਾ ਕਿ ਕਾਂਗਰਸ ਦਾ ਹਰ ਨੇਤਾ ਅਤੇ ਵਰਕਰ ਚਾਹੁੰਦਾ ਹੈ ਕਿ ਰਾਹੁਲ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਬਣਨ ਅਤੇ ਪ੍ਰਧਾਨ ਮੰਤਰੀ ਬਣਨ। ਯੂ.ਪੀ.ਏ. ਸਰਕਾਰ 'ਚ ਮੰਤਰੀ ਰਹੇ ਸ਼ਕੀਲ ਅਹਿਮਦ ਨੇ ਕਿਹਾ ਕਿ ਜੇਕਰ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਉਨ੍ਹਾਂ ਦਾ ਪ੍ਰਧਾਨ ਮੰਤਰੀ ਹੋਵੇਗਾ। ਪਰ ਜੇਕਰ ਕਾਂਗਰਸ ਅਤੇ ਵਿਰੋਧੀ ਧਿਰ ਦੀ ਸਰਕਾਰ ਬਣਦੀ ਹੈ ਤਾਂ ਕਾਂਗਰਸ ਨੂੰ ਅਗਵਾਈ ਕਰਨੀ ਚਾਹੀਦੀ ਹੈ ਅਤੇ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਹੋਣਗੇ। ਇਹ ਦੇਸ਼ ਅਤੇ ਕਾਂਗਰਸੀਆਂ ਦੀ ਭਾਵਨਾ ਹੈ।

ਵਿਰੋਧੀ ਧਿਰ ਦੀ ਇਕਜੁੱਟਤਾ ਨੂੰ ਲੈ ਕੇ ਚੱਲ ਰਹੀ ਚਰਚਾ ਦਰਮਿਆਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ 21 ਫਰਵਰੀ ਨੂੰ ਨਗਾਲੈਂਡ 'ਚ ਕਿਹਾ ਸੀ ਕਿ ਅਗਲੇ ਸਾਲ ਕੇਂਦਰ 'ਚ ਕਾਂਗਰਸ ਦੀ ਅਗਵਾਈ ਵਾਲੀ ਗਠਜੋੜ ਦੀ ਸਰਕਾਰ ਬਣੇਗੀ। ਹਾਲਾਂਕਿ ਇਸ ਦੇ ਅਗਲੇ ਹੀ ਦਿਨ ਉਨ੍ਹਾਂ ਕਿਹਾ ਸੀ ਕਿ ਸਹਿਯੋਗੀ ਪਾਰਟੀਆਂ ਨਾਲ ਮਿਲ ਕੇ ਸਰਕਾਰ ਬਣਾਈ ਜਾਵੇਗੀ।

## 2024 ਦੀਆਂ ਚੋਣਾਂ 'ਚ 'ਪਾਸਾ ਪਲਟਣ' ਵਾਲੀ ਨੇਤਾ ਸਾਬਤ ਹੋਵੇਗੀ ਮਮਤਾ ਬੈਨਰਜੀ : ਸ਼ਤਰੂਘਨ ਸਿਨ੍ਹਾ



**ਪਟਨਾ,**
**-ਰੋਜ਼ਾਨਾ ਸਵੇਰਾ-**

ਸਾਬਕਾ ਕੇਂਦਰੀ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਨੇ ਕਿਹਾ ਕਿ ਇਹ ਚਿੰਤਾ ਕਰਨਾ ਵਿਅਰਥ ਹੈ ਕਿ ਵਿਰੋਧੀ ਧਿਰ ਦਾ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਕੌਣ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਮਾਇਨੇ ਰੱਖਦਾ ਹੈ ਕਿ ਕਿਸ ਨੂੰ ਪ੍ਰਧਾਨ ਮੰਤਰੀ ਦੇ ਰੂਪ 'ਚ ਵਾਪਸੀ ਕਰਨ ਤੋਂ ਰੋਕਣਾ ਚਾਹੀਦਾ। ਅਭਿਨੇਤਾ ਤੋਂ ਨੇਤਾ ਬਣੇ ਸਿਨਹਾ ਨੇ ਆਪਣੀ ਪਾਰਟੀ ਮੁਖੀ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਭਰੋਸੇਯੋਗ ਨੇਤਾ ਦੱਸਿਆ ਅਤੇ ਦਾਅਵਾ ਕੀਤਾ ਕਿ ਅਗਲੇ ਸਾਲ ਹੋਣ ਵਾਲੀ ਲੋਕ ਸਭਾ ਚੋਣਾਂ ਉਹ 'ਪਾਸ ਪਲਟਣ' ਵਾਲੀ ਨੇਤਾ ਸਾਬਤ ਹੋਵੇਗੀ।

'ਸ਼ਾਟਗਨ' ਦੇ ਨਾਂ ਤੋਂ ਮਸ਼ਹੂਰ ਸਿਨਹਾ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਮੇਰੇ ਮਿੱਤਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਅੱਛੇ ਦਿਨ' ਖਤਮ ਹੋ ਗਏ ਹਨ। ਸਿਨਹਾ ਭਾਜਪਾ ਪਾਰਟੀ ਛੱਡ ਚੁੱਕੇ ਹਨ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਇਹ ਸੁਣ ਰਹੇ ਹਾਂ ਕਿ ਕੌਣ ਨੇਤਾ ਹੋਵੇਗਾ ? ਨਹਿਰੂ ਦੇ ਸਮੇਂ ਤੱਕ ਵੀ ਲੋਕ ਇਹੀ ਸਵਾਲ ਪੁੱਛਦੇ ਸਨ। ਵਿਰੋਧੀ ਧਿਰ ਲਈ ਇਸ ਗੱਲ ਦੀ ਚਿੰਤਾ ਕਰਨਾ ਵਿਅਰਥ ਹੈ। ਕਿਸ ਨੂੰ ਪ੍ਰਧਾਨ ਮੰਤਰੀ ਦੇ ਰੂਪ 'ਚ ਪਰਤਣ ਤੋਂ ਰੋਕਿਆ ਜਾਵੇ, ਇਸ ਸਬੰਧ 'ਚ ਸਪੱਸ਼ਟਤਾ ਹੋਣੀ ਮਹੱਤਵਪੂਰਨ ਹੈ।

ਹਾਲਾਂਕਿ ਉਨ੍ਹਾਂ ਨੇ ਰਾਹੁਲ ਗਾਂਧੀ ਨੂੰ ਕਾਬਿਲ ਨੇਤਾ ਦੱਸਿਆ ਪਰ ਉਹ ਇਸ ਸਵਾਲ ਤੋਂ ਬਚਦੇ ਨਜ਼ਰ ਆਏ ਕਿ ਰਾਹੁਲ, ਵਿਰੋਧੀ ਧਿਰ ਗਠਜੋੜ ਦੀ ਅਗਵਾਈ ਕਰ ਸਕਦੇ ਹਨ ਜਾਂ ਨਹੀਂ। ਸ਼ਿਵ ਸੈਨਾ ਦੇ ਸਬੰਧ ਵਿਚ ਸਿਨਹਾ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਖੇਡ ਅਜੇ ਸ਼ੁਰੂ ਹੋਈ ਹੈ ਅਤੇ ਸੁਪਰੀਮ ਕੋਰਟ ਨਿਆਂ ਕਰੇਗਾ। ਦੱਸ ਦੇਈਏ ਕਿ ਊਧਵ ਠਾਕਰੇ ਧੜੇ ਨੇ ਸੁਪਰੀਮ ਕੋਰਟ ਦਾ ਰੁਖ਼ ਕਰਦਿਆਂ ਚੋਣ ਕਮਿਸ਼ਨ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ, ਜਿਸ 'ਚ ਏਕਨਾਥ ਸ਼ਿੰਦੇ ਧੜੇ ਨੂੰ ਅਸਲੀ ਸ਼ਿਵ ਸੈਨਾ ਦੇ ਰੂਪ 'ਚ ਮਾਨਤਾ ਦਿੱਤੀ ਗਈ ਅਤੇ ਉਸ ਨੂੰ 'ਤੀਰ-ਕਮਾਨ' ਚੋਣ ਚਿੰਨ੍ਹ ਅਲਾਟ ਕਰ ਦਿੱਤਾ ਗਿਆ

## ਹਰੀ ਊਰਜਾ ਵਿੱਚ ਭਾਰਤ ਦੀ ਸਮਰੱਥਾ 'ਸੋਨੇ ਦੀ ਖਾਣ' ਤੋਂ ਘੱਟ ਨਹੀਂ : ਪ੍ਰਧਾਨ ਮੰਤਰੀ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਹਰੀ ਊਰਜਾ ਖੇਤਰ ਵਿੱਚ ਨਿਵੇਸ਼ ਦਾ ਸੱਦਾ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਦੇਸ਼ ਦੀ ਨਵਿਆਉਣਯੋਗ ਊਰਜਾ ਸਮਰੱਥਾ ਕਿਸੇ ਸੋਨੇ ਦੀ ਖਾਨ ਤੋਂ ਘੱਟ ਨਹੀਂ ਹੈ। ਹਰੇ ਵਿਕਾਸ ਦੇ ਸਬੰਧ ਵਿੱਚ ਆਮ ਬਜਟ 2023-24 ਵਿੱਚ ਕੀਤੀਆਂ ਗਈਆਂ ਵੱਖ-ਵੱਖ ਘੋਸ਼ਣਾਵਾਂ 'ਤੇ ਇੱਕ ਵੈਬੀਨਾਰ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ, ÷ਭਾਰਤ ਹਰੀ ਊਰਜਾ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗਾ। ਮੈਂ ਸਾਰੇ ਹਿੱਸੇਦਾਰਾਂ ਨੂੰ ਭਾਰਤ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੰਦਾ ਹਾਂ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਵਿੱਚ ਸੂਰਜੀ, ਪੌਣ ਊਰਜਾ ਅਤੇ ਬਾਇਓਗੈਸ ਵਰਗੀ ਨਵਿਆਉਣਯੋਗ ਊਰਜਾ ਦੀ ਸੰਭਾਵਨਾ ਸੋਨੇ ਦੀ ਖਾਨ ਤੋਂ ਘੱਟ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਸਾਰਾ ਧਿਆਨ ਬਾਇਓ-ਇੰਧਨ 'ਤੇ ਕੇਂਦਰਿਤ ਹੈ ਅਤੇ ਨਿਵੇਸ਼ਕਾਂ ਲਈ ਬੇਅੰਤ ਮੌਕੇ ਖੁੱਲ੍ਹਣਗੇ। ਉਨ੍ਹਾਂ ਕਿਹਾ ਕਿ ਭਾਰਤ ਨੇ ਟੀਚੇ ਦੀ ਮਿਤੀ ਤੋਂ ਪੰਜ ਮਹੀਨੇ ਪਹਿਲਾਂ 10 ਫੀਸਦੀ ਈਥਾਨੌਲ ਬਲੇਂਡਿੰਗ ਦਾ ਟੀਚਾ ਹਾਸਲ ਕਰ ਲਿਆ ਹੈ ਅਤੇ ਇੰਨਾ ਹੀ ਨਹੀਂ, 40 ਫੀਸਦੀ ਗੈਰ-ਜੀਵਾਸ਼ਿਕ ਈਂਧਨ ਸਮਰੱਥਾ ਦਾ ਟੀਚਾ, ਨਿਰਧਾਰਤ ਮਿਤੀ ਤੋਂ 9 ਸਾਲ ਪਹਿਲਾਂ ਹੀ ਹਾਸਲ ਕਰ ਲਿਆ ਗਿਆ ਹੈ।

ਮੋਦੀ ਨੇ ਕਿਹਾ ਕਿ ਸਾਲ 2014 ਤੋਂ ਬਾਅਦ ਆਏ ਸਾਰੇ ਬਜਟਾਂ 'ਚ ਨਾ ਸਿਰਫ ਮੌਜੂਦਾ ਚੁਣੌਤੀਆਂ ਨੂੰ ਧਿਆਨ 'ਚ ਰੱਖਿਆ ਗਿਆ, ਸਗੋਂ ਨਵੇਂ ਦੌਰ ਦੇ ਸੁਧਾਰਾਂ ਨੂੰ ਵੀ ਅੱਗੇ ਲਿਆਇਆ ਗਿਆ। ਉਨ੍ਹਾਂ ਕਿਹਾ ਕਿ ਭਾਰਤ ਦਾ ਸਲਾਨਾ 50 ਲੱਖ ਟਨ ਗ੍ਰੀਨ ਹਾਈਡ੍ਰੋਜਨ ਦਾ ਉਤਪਾਦਨ ਕਰਨ ਦਾ ਟੀਚਾ ਹੈ ਅਤੇ ਨੈਸ਼ਨਲ ਹਾਈਡ੍ਰੋਜਨ ਮਿਸ਼ਨ ਤਹਿਤ ਨਿੱਜੀ ਖੇਤਰ ਨੂੰ 19,000 ਕਰੋੜ ਰੁਪਏ ਦਾ ਪ੍ਰੋਤਸਾਹਨ ਦਿੱਤਾ ਗਿਆ ਹੈ।

ਇਸ ਵੈਬੀਨਾਰ ਵਿੱਚ ਉਨ੍ਹਾਂ ਨੇ ਵਾਹਨਾਂ ਨੂੰ ਸਕਰੈਪ ਵਿੱਚ ਤਬਦੀਲ ਕਰਨ ਲਈ ਆਮ ਬਜਟ ਵਿੱਚ 3000 ਕਰੋੜ ਰੁਪਏ ਦੇ ਉਪਬੰਧ ਅਤੇ 15 ਸਾਲ ਤੋਂ ਵੱਧ ਪੁਰਾਣੇ ਕਰੀਬ ਤਿੰਨ ਲੱਖ ਸਰਕਾਰੀ ਵਾਹਨਾਂ ਨੂੰ ਸਕਰੈਪ ਵਿੱਚ ਤਬਦੀਲ ਕਰਨ ਦੇ ਫੈਸਲੇ ਦਾ ਵੀ ਜ਼ਿਕਰ ਕੀਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਬੈਟਰੀ ਸਟੋਰੇਜ ਸਮਰੱਥਾ ਨੂੰ 125 ਗੀਗਾਵਾਟ ਤੱਕ ਵਧਾਉਣ ਦੀ ਲੋੜ ਹੈ।

## ਹਿਮਾਚਲ ਪ੍ਰਦੇਸ਼ ਨੂੰ ਕਰਜ਼ੇ 'ਚ ਡੋਬ ਰਹੀ ਕਾਂਗਰਸ ਸਰਕਾਰ: ਅਨੁਰਾਗ ਠਾਕੁਰ

**ਨਾਦੌਨ,**
**-ਰੋਜ਼ਾਨਾ ਸਵੇਰਾ-**

ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਬੇਹਾਲ ਹੋ ਗਈ ਹੈ ਅਤੇ ਪੈਸੇ ਦਾ ਰੋਣਾ ਰੋ ਕੇ ਆਏ ਦਿਨ ਕਰਜ਼ੇ ਲੈ ਕੇ ਸੂਬੇ ਨੂੰ ਕਰਜ਼ੇ 'ਚ ਡੋਬਣ ਦਾ ਕੰਮ ਕਰ ਰਹੀ ਹੈ। ਇਹ ਗੱਲ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਭਾਜਪਾ ਮੰਡਲ ਵਰਕਿੰਗ ਕਮੇਟੀ ਦੀ ਬੈਠਕ ਵਿਚ ਹਿੱਸਾ ਲੈਣ ਤੋਂ ਬਾਅਦ ਨਾਦੌਨ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਖੀ।

ਅਨੁਰਾਗ ਨੇ ਕਿਹਾ ਕਿ ਔਰਤਾਂ ਨੂੰ 1500-1500 ਰੁਪਏ ਨਹੀਂ ਮਿਲੇ, 2 ਮਹੀਨੇ ਤੱਕ ਕਰਮਚਾਰੀਆਂ ਨੂੰ ਓ. ਪੀ. ਐੱਸ. ਨਹੀਂ ਮਿਲਿਆ, ਉਲਟਾ 1500 ਕਰੋੜ ਰੁਪਏ ਦਾ ਕਰਜ਼ਾ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਬੇਹਾਲੀ ਨਜ਼ਰ ਆਉਣੀ ਸ਼ੁਰੂ ਹੋ ਗਈ ਹੈ। ਕੇਂਦਰ ਨੇ ਜਦੋਂ ਆਪਣੇ ਟੈਕਸਾਂ 'ਚ ਕਮੀ ਕੀਤੀ ਤਾਂ ਸੂਬਾ ਸਰਕਾਰ ਨੇ ਡੀਜ਼ਲ 3 ਰੁਪਏ ਅਤੇ ਸਰ੍ਹੋਂ ਦਾ ਤੇਲ 9 ਰੁਪਏ ਪ੍ਰਤੀ ਲੀਟਰ ਵਧਾ ਕੇ ਜਨਤਾ 'ਤੇ ਬੋਝ ਪਾ ਦਿੱਤਾ ਹੈ।

ਸੀਮੈਂਟ ਦੇ ਕਿਰਾਏ ਨੂੰ ਲੈ ਕੇ ਬਿਲਾਸਪੁਰ ਅਤੇ ਸੋਲਨ ਵਿਚ ਸੜਕਾਂ 'ਤੇ ਆਏ ਟਰਾਂਸਪੋਟਰਜ਼ ਨੂੰ ਕੁਝ ਨਹੀਂ ਦਿੱਤਾ, ਉਲਟਾ ਕੰਮ-ਧੰਦੇ ਬੰਦ ਕਰਵਾ ਦਿੱਤੇ।

ਅਜਿਹੀ ਬੇਹਾਲ ਸਰਕਾਰ ਹਿਮਾਚਲ ਵਿਚ ਕਦੇ ਨਹੀਂ ਵੇਖੀ। ਗੀਤਾ ਭਵਨ ਨਾਦੌਨ ਵਿਚ ਆਯੋਜਿਤ ਭਾਜਪਾ ਮੰਡਲ ਨਾਦੌਨ ਦੀ ਵਰਕਿੰਗ ਕਮੇਟੀ ਦੀ ਬੈਠਕ ਵਿਚ ਸਰਬਸੰਮਤੀ ਨਾਲ ਸੂਬੇ ਦੀ ਸੁਖਵਿੰਦਰ ਸਿੰਘ ਸੁੱਖੂ ਸਰਕਾਰ ਦੇ 2 ਮਹੀਨੇ ਦੇ ਕਾਰਜਕਾਲ ਨੂੰ ਨਿਰਾਸ਼ਾਜਨਕ ਦੱਸਦੇ ਹੋਏ 5 ਪ੍ਰਸਤਾਵ ਪਾਸ ਕੀਤੇ ਗਏ।



## ਕਿਸੇ ਵੀ ਸਮੁਦਾਇ ਨੂੰ ਭਾਰਤ ਦੀ ਧਰਤੀ ਨੂੰ ਤੋੜ ਕੇ ਅਲੱਗ ਤੋਂ ਮੁਲਕ ਬਣਾਉਣ ਦਾ ਕੋਈ ਹੱਕ ਨਹੀਂ ਹੈ- ਅਮਨ ਸੂਲ੍ਹਰ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਹਿੰਦੂ ਸਮਾਜ ਦੇ ਨੇਤਾ ਅਤੇ ਐਂਟੀ ਟੈਰੋਰਿਸਟ ਅਤੇ ਸੋਸ਼ਲ ਵੈਲਫੇਅਰ ਪੰਜਾਬ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਮਨ ਸੂਲ੍ਹਰ ਨੇ ਇਕ ਵਿਸ਼ੇਸ਼ ਪ੍ਰੈਸ ਨੋਟ ਜਾਰੀ ਕਰਕੇ ਕਿਹਾ ਕਿ ਸੋਸ਼ਲ ਮੀਡੀਆ ਤੇ "ਵਾਰਿਸ ਪੰਜਾਬ ਸੰਸਥਾ" ਦੇ ਮੁੱਖੀ ਅੰਮ੍ਰਿਤਪਾਲ ਸਿੰਘ ਦੇ ਜੋ ਵੀਡਿਓਜ਼ ਚੱਲ ਰਹੇ ਹਨ, ਜਿਸ ਵਿਚ ਉਹ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰੀ ਨੂੰ ਤਤਕਾਲੀਨ ਪ੍ਰਧਾਨ ਮੰਤਰੀ ਸਵ: ਇੰਦਰਾ ਗਾਂਧੀ ਦੇ ਹਸ਼ਰ ਵਰਗੀਆਂ ਧਮਕੀਆਂ ਦੇ ਕੇ ਪੰਜਾਬ ਨੂੰ ਖਾਲਿਸਤਾਨ ਬਣਾਉਣ ਦੀ ਗੱਲ ਕਰ ਰਿਹਾ ਹੈ ਅਤੇ ਆਪਣੇ ਭੜਕਾਊ ਭਾਸ਼ਣਾਂ ਰਾਹੀਂ ਪੰਜਾਬ ਦੇ ਸਿੱਖ ਨੌਜਵਾਨਾਂ ਵਿੱਚ ਅਸ਼ਾਂਤੀ ਪੈਦਾ ਕਰਕੇ ਰਾਸ਼ਟਰ ਵਿਰੋਧੀ ਗਤੀਵਿਧੀਆਂ ਰਚੀਆਂ ਜਾ ਰਹੀਆਂ ਹਨ ਉਹ ਆਉਣ ਵਾਲੇ ਭਵਿੱਖ ਵਿਚ ਪੰਜਾਬ ਲਈ ਘਾਤਕ ਸਾਬਤ ਹੋਣਗੀਆਂ। ਸੂਲ੍ਹਰ ਨੇ ਕਿਹਾ ਕਿ ਸੰਵਿਧਾਨਕ ਤੌਰ ਤੇ ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ। ਇੱਥੇ ਹਰ ਧਰਮ ਦੇ ਪ੍ਰਚਾਰ ਦੀ ਅਜ਼ਾਦੀ ਹੈ ਪਰੰਤੂ ਕਿਸੇ ਵੀ ਸਮੁਦਾਇ ਨੂੰ ਭਾਰਤ ਦੀ ਧਰਤੀ ਨੂੰ ਤੋੜ ਕੇ ਅਲੱਗ ਤੋਂ ਮੁਲਕ ਬਣਾਉਣ ਦਾ ਕੋਈ ਹੱਕ ਨਹੀਂ ਹੈ। ਭਾਰਤ ਦੀ ਏਕਤਾ ਅਤੇ ਅਖੰਡਤਾ ਉੱਤੇ ਕਿਸੇ ਵੀ ਤਰ੍ਹਾਂ ਦਾ ਹਮਲਾ ਨਹੀਂ ਕੀਤਾ ਜਾ ਸਕਦਾ, ਇੱਥੇ ਅਨੇਕਤਾ ਵਿਚ ਏਕਤਾ ਹੈ। ਸੂਲ੍ਹਰ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਨਾਂ ਤਾਂ ਸੰਤ ,ਨਾ ਹੀ ਧਾਰਮਿਕ ਸ਼ਖਸ਼ੀਅਤ ਅਤੇ ਨਾ ਹੀ ਤਪਸੱਵੀ ਹੈ ਪਰੰਤੂ ਫਿਰ ਵੀ ਧਰਮ ਪ੍ਰਚਾਰ ਦੀ ਆੜ ਵਿੱਚ ਇੱਕ ਸੋਚੀ-ਸਮਝੀ ਸਾਜਿਸ਼ ਤਹਿਤ ਦੇਸ਼ ਖਿਲਾਫ਼ ਇੱਕ ਵਿਦਰੋਹ ਸਾਧ ਰਿਹਾ ਹੈ।

## ਮੋਦੀ ਆਪਣੇ 'ਮਨਪਸੰਦ' ਅਡਾਨੀ 'ਤੇ ਛਾਪੇ ਕਿਉਂ ਨਹੀਂ ਮਰਵਾਉਂਦੇ: ਕਾਂਗਰਸ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਛੱਤੀਸਗੜ੍ਹ ਵਿੱਚ ਕਈ ਥਾਵਾਂ ਉੱਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਛਾਪਿਆਂ ਕਾਰਨ ਕਾਂਗਰਸ ਨੇ ਅੱਜ ਕੇਂਦਰ ਸਰਕਾਰ ਨੂੰ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਉਹ ਬਦਲਾਖੋਰੀ ਅਤੇ ਤੰਗ ਪ੍ਰੇਸ਼ਾਨ ਕਰਨ ਦੀ ਰਾਜਨੀਤੀ ਅੱਗੇ ਨਹੀਂ ਝੁਕੇਗੀ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਥੇ ਪੱਤਰਕਾਰਾਂ ਅੱਗੇ ਸੁਆਲ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਨਪਸੰਦ ਉਦਯੋਗਪਤੀ' ਗੌਤਮ ਅਡਾਨੀ ਦੀ ਜਾਂਚ ਕਿਉਂ ਨਹੀਂ ਕੀਤੀ ਜਾ ਰਹੀ ਜਦੋਂ ਉਸ ਦੇ 'ਗੈਰ-ਕਾਨੂੰਨੀ ਕੰਮ' ਰੋਜ਼ਾਨਾ ਸਾਹਮਣੇ ਆ ਰਹੇ ਹਨ।

## ਕਾਂਗਰਸ ਇਕੱਲੀ ਮੋਦੀ ਸਰਕਾਰ ਨਾਲ ਨਹੀਂ ਲੜ ਸਕਦੀ : ਕੇਸੀ ਵੇਣੂਗੋਪਾਲ



**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਸੋਮਵਾਰ ਨੂੰ ਵਿਰੋਧੀ ਏਕਤਾ ਦੀ ਜ਼ਰੂਰਤ 'ਤੇ ਵਿਚਾਰ ਕਰਦੇ ਹੋਏ ਕਿਹਾ ਕਿ ਕਾਂਗਰਸ 2024 ਦੀਆਂ ਲੋਕ ਸਭਾ ਚੋਣਾਂ 'ਚ ਨਰਿੰਦਰ ਮੋਦੀ ਸਰਕਾਰ ਨਾਲ ਇਕੱਲੇ ਨਹੀਂ ਲੜ ਸਕਦੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਜਪਾ ਵਿਰੋਧੀ ਵੋਟਾਂ ਦੇ ਵੰਡਣ ਦੇ ਸੰਭਾਵਨਾ ਨੂੰ ਘੱਟ ਕਰਨ ਲਈ ਵਿਰੋਧੀ ਦਲਾਂ ਦੀ ਏਕਤਾ ਇਕ ਜ਼ਰੂਰੀ ਮਾਪਦੰਡ ਹੈ। ਇਕ ਨਿਊਜ਼ ਏਜੰਸੀ ਨਾਲ ਗੱਲ ਕਰਦੇ ਹੋਏ ਕਾਂਗਰਸ ਦੇ ਜਨਰਲ ਸਕੱਤਰ ਨੇ ਕਿਹਾ,"ਕਾਂਗਰਸ ਵਿਰੋਧੀ ਏਕਤਾ ਬਾਰੇ ਸਮਾਨ ਰੂਪ ਨਾਲ ਚਿੰਤਤ ਹੈ। ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ ਨੇ ਕਈ ਮੌਕਿਆਂ 'ਤੇ ਸਹੀ ਕਿਹਾ ਹੈ ਕਿ ਮੌਜੂਦਾ ਸਥਿਤੀ 'ਚ ਕਾਂਗਰਸ ਇਕੱਲੇ ਇਸ ਸਰਕਾਰ ਨਾਲ ਨਹੀਂ ਲੜ ਸਕਦੀ। ਕਾਂਗਰਸ ਕਿਸੇ ਵੀ ਸਮੇਂ ਲੜੇਗੀ। ਸਾਨੂੰ ਇਸ ਅਲੋਕਤੰਤਰੀ, ਤਾਨਾਸ਼ਾਹ ਸਰਕਾਰ ਖ਼ਿਲਾਫ਼ ਲੜਨ ਲਈ ਵਿਰੋਧੀ ਏਕਤਾ ਦੀ ਜ਼ਰੂਰਤ ਹੈ।"

ਉਨ੍ਹਾਂ ਕਿਹਾ,"ਕਾਂਗਰਸ ਇਸ ਲਈ ਬਹੁਤ ਉਤਸੁਕ ਹੈ। ਪਿਛਲਾ ਸੰਸਦ ਸੈਸ਼ਨ ਇਕ ਉਦਾਹਰਣ ਸੀ। ਖੜਗੇ ਨੇ ਪਹਿਲ ਕੀਤੀ ਅਤੇ ਅਡਾਨੀ ਮੁੱਦੇ 'ਤੇ ਸੰਸਦ 'ਚ ਇਕ ਆਵਾਜ਼ ਰੱਖਣ ਲਈ ਵਿਰੋਧੀ ਧਿਰ ਦੀ ਬੈਠਕ ਬੁਲਾਈ। ਮੋਟੇ ਤੌਰ 'ਤੇ ਅਸੀਂ ਸੋਚ ਰਹੇ ਹਾਂ ਕਿ ਸਾਨੂੰ ਭਾਜਪਾ ਖ਼ਿਲਾਫ਼ ਜਾਣਾ ਚਾਹੀਦਾ। ਸਾਨੂੰ ਭਾਜਪਾ ਵਿਰੋਧੀ ਵੋਟਾਂ ਨੂੰ ਵੰਡਣ ਦਾ ਮੌਕਾ ਨਹੀਂ ਦੇਣਾ ਚਾਹੀਦਾ।" ਕਾਂਗਰਸ ਨੇਤਾ ਨੇ ਕਿਹਾ ਕਿ ਕਾਂਗਰਸ ਨੇ ਦੇਸ਼ 'ਚ ਐਮਰਜੈਂਸੀ ਵਰਗੀ ਸਥਿਤੀ ਦਾ ਦੋਸ਼ ਲਗਾਉਂਦੇ ਹੋਏ ਤਾਨਾਸ਼ਾਹ ਸਰਕਾਰ ਖ਼ਿਲਾਫ਼ ਲੜਾਈ ਦਾ ਸਭ ਤੋਂ ਵੱਡਾ ਕੰਮ ਆਪਣੇ ਹੱਥ 'ਚ ਲੈ ਲਿਆ ਹੈ। ਉਨ੍ਹਾਂ ਕਿਹਾ,"ਅੱਜ ਦੇਸ਼ ਦੇ ਹਾਲਾਤ ਸਾਰੇ ਜਾਣਦੇ ਹਨ। ਅੱਜ ਦੀ ਸਰਕਾਰ ਪੂਰੀ ਤਰ੍ਹਾਂ ਨਾਲ ਤਾਨਾਸ਼ਾਹੀ ਕਰ ਰਹੀ ਹੈ। ਦੇਸ਼ 'ਚ ਅਣਐਲਾਨੀ ਐਮਰਜੈਂਸੀ ਵਰਗੀ ਸਥਿਤੀ ਹੈ। ਇਸ ਤਾਨਾਸ਼ਾਹੀ ਸਰਕਾਰ ਖ਼ਿਲਾਫ਼ ਲੜਨਾ ਵਿਰੋਧੀ ਧਿਰ, ਖ਼ਾਸ ਕਰ ਕੇ ਕਾਂਗਰਸ ਪਾਰਟੀ ਲਈ ਸਭ ਤੋਂ ਵੱਡਾ ਕੰਮ ਹੈ।" ਉਨ੍ਹਾਂ ਦੋਸ਼ ਲਗਾਉਂਦੇ ਹੋਏ ਕਿਹਾ ਕਿ ਭਾਜਪਾ ਸਰਕਾਰ ਤਾਨਾਸ਼ਾਹੀ ਨੀਤੀਆਂ 'ਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਭਾਰਤ ਜੋੜੋ ਯਾਤਰਾ ਕਾਰਨ ਕੈਡਰ ਨੂੰ ਨਵੀਂ ਊਰਜਾ ਮਿਲੀ ਹੈ।

## ਮੰਤਰੀ ਜਾਂ ਵਿਧਾਇਕ ਆਪਣੇ ਕਿਸੇ ਰਿਸ਼ਤੇਦਾਰ ਅਤੇ ਨਜ਼ਦੀਕੀ ਨੂੰ ਪੀ. ਏ. ਨਾ ਲਾਉਣ : ਭਗਵੰਤ ਮਾਨ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਸਖ਼ਤ ਹੁਕਮ ਜਾਰੀ ਕੀਤੇ ਗਏ ਹਨ। ਆਪਣੇ ਹੁਕਮਾਂ 'ਚ ਮੁੱਖ ਮੰਤਰੀ ਮਾਨ ਨੇ ਕਿਹਾ ਹੈ ਕਿ ਮੰਤਰੀ ਜਾਂ ਵਿਧਾਇਕ ਆਪਣੇ ਕਿਸੇ ਰਿਸ਼ਤੇਦਾਰ ਅਤੇ ਨਜ਼ਦੀਕੀ ਨੂੰ ਪੀ. ਏ. ਨਾ ਲਾਉਣ। ਚੰਗੇ ਅਕਸ ਵਾਲਿਆਂ ਨੂੰ ਹੀ ਪੀ. ਏ. ਲਾਇਆ ਜਾਵੇ ਅਤੇ ਜਿਹੜੇ ਖ਼ਰਾਬ ਅਕਸ ਵਾਲੇ ਹਨ, ਉਨ੍ਹਾਂ ਨੂੰ ਪੀ. ਏ. ਦੇ ਅਹੁਦੇ ਤੋਂ ਹਟਾਇਆ ਜਾਵੇ। ਮੁੱਖ ਮੰਤਰੀ ਨੇ ਕਿਹਾ ਹੈ ਕਿ ਪੀ. ਏ. ਨੂੰ ਕੰਟਰੋਲ 'ਚ ਰੱਖਿਆ ਜਾਵੇ। ਉਨ੍ਹਾਂ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਜੇਕਰ ਕਿਸੇ ਸਰਕਾਰੀ ਕੰਮ ਲਈ ਕਿਸੇ ਅਫ਼ਸਰ ਨੂੰ ਫੋਨ ਕਰਨਾ ਹੈ ਤਾਂ ਇਸ ਦੇ ਲਈ ਮੰਤਰੀ ਜਾਂ ਵਿਧਾਇਕ ਵੱਲੋਂ ਖ਼ੁਦ ਫੋਨ ਕੀਤਾ ਜਾਵੇ ਅਤੇ ਪੀ. ਏ. ਨੂੰ ਫੋਨ ਕਰਨ ਲਈ ਨਾ ਕਿਹਾ ਜਾਵੇ।

ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਿਤ ਰਤਨ ਕੋਟਫੱਤਾ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਮੁੱਖ ਮੰਤਰੀ ਮਾਨ ਵੱਲੋਂ ਟਵੀਟ ਕੀਤਾ ਗਿਆ ਸੀ ਕਿ ਰਿਸ਼ਵਤਖ਼ੋਰੀ ਦੇ ਮਾਮਲੇ 'ਚ ਕਿਸੇ ਨੂੰ ਵੀ ਨਹੀਂ ਬਖ਼ਸ਼ਿਆ ਜਾਵੇਗਾ।

## ਪਰਲ ਗਰੁੱਪ 'ਤੇ ਵੱਡੀ ਕਾਰਵਾਈ ਕਰਨ ਲਈ ਮੁੱਖ ਮੰਤਰੀ ਨੇ ਸੱਦੀ ਅ.ਫਸਰਾਂ ਦੀ ਮੀਟਿੰਗ

➢ ਪੂਰੇ ਪੰਜਾਬ 'ਚ ਪਰਲ ਗਰੁੱਪ ਦੀਆਂ ਜਾਇਦਾਦਾਂ ਦੀ ਸ਼ਨਾਖਤ ਕਰ ਕੇ ਰੈੱਡ ਐਂਟਰੀ ਕਰਨ ਦੇ ਦਿੱਤੇ ਹੁਕਮ ➢ ਸ਼ਨਾਖਤ ਹੋਈਆਂ ਜਾਇਦਾਦਾਂ ਦੀ ਖਰੀਦ ਫਰੋਖ਼ਤ 'ਤੇ ਤੁਰੰਤ ਰੋਕ ਲਾਉਣ ਲਈ ਕਿਹਾ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਸੂਬੇ ਦੇ ਲੋਕਾਂ ਤੋਂ ਲੁੱਟੇ ਗਏ ਇੱਕ-ਇੱਕ ਪੈਸੇ ਦੀ ਵਸੂਲੀ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਪਰਲ ਗਰੁੱਪ ਦੀਆਂ ਸਾਰੀਆਂ ਜਾਇਦਾਦਾਂ ਦੀ ਸ਼ਨਾਖ਼ਤ ਕਰਨ ਲਈ ਆਖਿਆ ਹੈ। ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਕਪਤਾਨਾਂ ਨਾਲ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਗਰੁੱਪ ਨੇ ਸੂਬੇ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ, ਜਿਸ ਲਈ ਇਸ ਨੂੰ ਜ਼ਰੂਰ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਰੇਕ ਡਿਪਟੀ ਕਮਿਸ਼ਨਰ ਆਪਣੇ-ਆਪਣੇ ਜ਼ਿਲ੍ਹੇ ਵਿੱਚ ਸਮੂਹ ਦੀਆਂ ਜਾਇਦਾਦਾਂ ਦੀ ਸ਼ਨਾਖਤ ਕਰਕੇ ਰਿਪੋਰਟ ਸੂਬਾ ਸਰਕਾਰ ਨੂੰ ਜਮ੍ਹਾਂ ਕਰਵਾਉਣ। ਭਗਵੰਤ ਮਾਨ ਨੇ ਕਿਹਾ ਕਿ ਸੁਪਰੀਮ ਕੋਰਟ ਅਤੇ ਜਸਟਿਸ ਲੋਢਾ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਸੂਬਾ ਪੱਧਰੀ ਸੂਚੀ ਤਿਆਰ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪਰਲ ਗਰੁੱਪ ਨੇ ਭੋਲੇ-ਭਾਲੇ ਲੋਕਾਂ ਨਾਲ ਵੱਡਾ ਵਿੱਤੀ ਧੋਖਾ ਕੀਤਾ ਹੈ ਅਤੇ ਉਨ੍ਹਾਂ ਨੂੰ ਇਸ ਗੁਨਾਹ ਲਈ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਜਾਇਦਾਦਾਂ ਦੀ ਸ਼ਨਾਖਤ ਕਰਨ ਲਈ ਐਸ.ਡੀ.ਐਮਜ਼ ਅਤੇ ਡੀ.ਐਸ.ਪੀਜ਼ ਨੂੰ ਆਪੋ-ਆਪਣੀਆਂ ਸਬ ਡਿਵੀਜ਼ਨਾਂ ਦੇ ਨੋਡਲ ਅਫ਼ਸਰ ਵਜੋਂ ਨਿਯੁਕਤ ਕਰਨ। ਭਗਵੰਤ ਮਾਨ ਨੇ ਕਿਹਾ ਕਿ ਇਸ ਪ੍ਰਕਿਰਿਆ ਵਿਚ ਪੂਰੀ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਮਾਲ ਰਿਕਾਰਡ ਦੀ ਜਾਂਚ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਮਾਲ ਰਿਕਾਰਡ ਵਿੱਚ ਰੈੱਡ ਐਂਟਰੀਆਂ ਕੀਤੀਆਂ ਜਾਣ ਤਾਂ ਜੋ ਕੋਈ ਵੀ ਇਸ ਜਾਇਦਾਦ ਨੂੰ ਵੇਚ ਜਾਂ ਖਰੀਦ ਨਾ ਸਕੇ। ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇ ਅਤੇ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਭਗਵੰਤ ਮਾਨ ਨੇ ਮੁੱਖ ਸਕੱਤਰ ਅਤੇ ਪੁਲਿਸ ਡਾਇਰੈਕਟਰ ਜਨਰਲ ਨੂੰ ਕਿਹਾ ਕਿ ਉਹ ਇਸ ਕੰਮ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਨ ਲਈ ਨਿੱਜੀ ਤੌਰ 'ਤੇ ਨਿਗਰਾਨੀ ਕਰਨ। ਇਸ ਮੌਕੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ ਵੇਣੂ ਪ੍ਰਸਾਦ, ਡਾਇਰੈਕਟਰ ਜਨਰਲ ਪੁਲਿਸ ਗੌਰਵ ਯਾਦਵ ਅਤੇ ਹੋਰ ਅਧਿਕਾਰੀ ਮੌਜੂਦ ਸਨ।

## 55 ਲੱਖ ਰੁਪਏ ਦੇ ਗਬਨ ਦੇ ਮਾਮਲੇ 'ਚ ਮਾਰਕੀਟ ਕਮੇਟੀ ਦਾ ਸਾਬਕਾ ਚੇਅਰਮੈਨ ਗ੍ਰਿਫਤਾਰ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਦੌਰਾਨ ਬੁੱਧਵਾਰ ਨੂੰ ਮਾਰਕੀਟ ਕਮੇਟੀ ਖੇਮਕਰਨ ਦੇ ਸਾਬਕਾ ਚੇਅਰਮੈਨ ਅੰਮ੍ਰਿਤਬੀਰ ਸਿੰਘ, ਵਾਸੀ ਪਿੰਡ ਆਸਲ ਉਤਾੜ, ਜ਼ਿਲ੍ਹਾ ਤਰਨਤਾਰਨ ਨੂੰ ਮਾਲ ਹਲਕਾ ਪੱਲਾ ਮੇਘਾ ਦੇ ਪਟਵਾਰੀ ਬਲਕਾਰ ਸਿੰਘ ਅਤੇ ਪਿੰਡ ਪੱਲਾ ਮੇਘਾ, ਫਿਰੋਜਪੁਰ ਦੇ ਇੱਕ ਪ੍ਰਾਈਵੇਟ ਵਿਅਕਤੀ ਬਿੱਲੂ ਸਿੰਘ ਦੀ ਮਿਲੀਭੁਗਤ ਨਾਲ ਜ਼ਮੀਨ ਐਕਵਾਇਰ ਕਰਨ ਦੌਰਾਨ 55,54,118 ਰੁਪਏ ਦਾ ਗਬਨ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਜਾਂਚ ਦੌਰਾਨ ਪਤਾ ਲੱਗਾ ਕਿ ਪੰਜਾਬ ਸਰਕਾਰ ਨੇ ਬੀ.ਐਸ.ਐਫ. ਲਈ ਪਿੰਡ ਪੱਲਾ ਮੇਘਾ ਨੇੜੇ ਨਿਊ ਮੁਹੰਮਦੀ ਵਾਲਾ ਵਿਖੇ ਇੱਕ ਨਵੀਂ ਸਰਹੱਦੀ ਚੌਕੀ ਸਥਾਪਤ ਕਰਨ ਲਈ ਸਾਲ 2002 ਤੋਂ 2012 ਦੌਰਾਨ 46 ਕਨਾਲ ਜ਼ਮੀਨ ਐਕੁਆਇਰ ਕੀਤੀ ਸੀ। ਉਨ੍ਹਾਂ ਅੱਗੇ ਦੱਸਿਆ ਕਿ ਉਕਤ ਕਥਿਤ ਦੋਸ਼ੀ ਪਟਵਾਰੀ, ਜਿਸ ਨੂੰ ਕਾਨੂੰਗੋ ਵਜੋਂ ਬਰਖਾਸਤ ਕੀਤਾ ਗਿਆ ਹੈ, ਨੇ ਹੋਰ ਦੋ ਵਿਅਕਤੀਆਂ ਬਿੱਲੂ ਸਿੰਘ ਵਾਸੀ ਪੱਲਾ ਮੇਘਾ ਅਤੇ ਅੰਮ੍ਰਿਤਬੀਰ ਸਿੰਘ ਵਾਸੀ ਪਿੰਡ ਆਸਲ ਉਤਾੜ ਨਾਲ ਮਿਲੀਭੁਗਤ ਕਰਕੇ ਉਕਤ ਜ਼ਮੀਨ ਪ੍ਰਾਪਤੀ ਮਾਮਲੇ ਦੌਰਾਨ 1,11,08,236 ਰੁਪਏ ਦਾ ਗਬਨ ਕੀਤਾ ਸੀ। ਮੁਲਜ਼ਮ ਪਟਵਾਰੀ ਨੇ ਉਕਤ ਮੁਲਜ਼ਮਾਂ ਨਾਲ ਮਿਲੀਭੁਗਤ ਕਰਕੇ ਮਾਲ ਰਿਕਾਰਡ ਵਿੱਚ ਹੇਰਾਫੇਰੀ ਕਰਦਿਆਂ ਅਕਵਾਇਰ ਕਰਨ ਵਾਲੀ ਜ਼ਮੀਨ ਦੇ ਮਾਲਕਾਂ ਵਜੋਂ ਉਕਤ ਸਹਿ-ਮੁਲਜਮਾਂ ਦੇ ਨਾਂ ਦਰਜ ਕਰ ਦਿੱਤੇ। ਇਸ ਤੋਂ ਬਾਅਦ, ਪਟਵਾਰੀ ਨੇ 07-11-2012 ਨੂੰ ਉਪਰੋਕਤ ਦੋਵਾਂ ਸਹਿ-ਮੁਲਜ਼ਮਾਂ ਨੂੰ ਜਾਅਲੀ ਮਾਲ ਰਿਕਾਰਡ ਦੇ ਅਧਾਰ 'ਤੇ 55,54,118 ਰੁਪਏ ਦੇ ਮੁਆਵਜ਼ੇ ਦੇ ਦੋ ਬੈਂਕ ਚੈੱਕ ਜਾਰੀ ਕਰਵਾ ਦਿੱਤੇ। ਇਸ ਤੋਂ ਇਲਾਵਾ ਮੁਲਜ਼ਮ ਪਟਵਾਰੀ ਨੇ ਦੂਜੇ ਮੁਲਜ਼ਮਾਂ ਅਤੇ ਆਪਣੇ ਆਪ ਨੂੰ ਆਰਥਿਕ ਲਾਭ ਪਹੁੰਚਾਉਣ ਲਈ ਨਾਲ ਲੱਗਦੀ ਸਰਕਾਰੀ ਜ਼ਮੀਨ ਐਕੁਆਇਰ ਕਰਨ ਦੀ ਬਜਾਏ 16 ਕਨਾਲ 16 ਮਰਲੇ ਦੀ ਨਿੱਜੀ ਜ਼ਮੀਨ ਐਕੁਆਇਰ ਕਰਵਾ ਦਿੱਤੀ ਸੀ।ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਆਈ.ਪੀ.ਸੀ. ਦੀਆਂ ਧਾਰਾਵਾਂ 218, 409, 420, 465, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1)(ਏ), 13(2) ਤਹਿਤ ਮਿਤੀ 21-02-2023 ਨੂੰ ਮੁਕੱਦਮਾ ਨੰਬਰ 05 ਵਿਜੀਲੈਂਸ ਬਿਓਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਦਰਜ ਕੀਤਾ ਗਿਆ ਹੈ। ਇਸ ਸਬੰਧੀ ਅਗਲੇਰੀ ਜਾਂਚ ਜਾਰੀ ਸੀ। ਉਨ੍ਹਾਂ ਕਿਹਾ ਕਿ ਇਸ ਜ਼ਮੀਨ ਪ੍ਰਾਪਤੀ ਪ੍ਰਕਿਰਿਆ ਨਾਲ ਸਬੰਧਤ ਹੋਰ ਅਧਿਕਾਰੀਆਂ/ਕਰਮਚਾਰੀਆਂ ਦੀਆਂ ਭੂਮਿਕਾਵਾਂ ਦੀ ਵੀ ਜਾਂਚ ਕੀਤੀ ਜਾਵੇਗੀ ਅਤੇ ਬਾਕੀ ਮੁਲਜ਼ਮਾਂ ਨੂੰ ਵੀ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਜਿਸ ਲਈ ਟੀਮਾਂ ਦਾ ਗਠਨ ਕੀਤਾ ਜਾ ਚੁੱਕਾ ਹੈ।

## ਜਾਪਾਨ ਨਾਲ ਕਾਰੋਬਾਰੀ ਰਿਸ਼ਤੇ ਹੋਰ ਮਜ਼ਬੂਤ ਕਰਨ ਵੱਲ ਵਧ ਰਿਹਾ ਪੰਜਾਬ: ਅਮਨ ਅਰੋੜਾ

**ਕੈਬਨਿਟ ਮੰਤਰੀ ਨੇ ਕਿਹਾ, ਪੰਜਾਬ ਵਿੱਚ ਵਪਾਰ ਲਈ ਮਾਹੌਲ ਸਾਜ਼ਗਾਰ ਅਤੇ ਕਾਰੋਬਾਰ ਦੀਆਂ ਅਥਾਹ ਸੰਭਾਵਨਾਵਾਂ**




**ਚੰਡੀਗੜ੍ਹ, -ਰੋਜ਼ਾਨਾ ਸਵੇਰਾ-**

ਪੰਜਾਬ ਵਿੱਚ ਕਾਰੋਬਾਰ ਲਈ ਮਾਹੌਲ ਸਾਜ਼ਗਾਰ ਹੋਣ ਦੀ ਗੱਲ ਕਰਦਿਆਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਵਿੱਚ ਨਿਵੇਸ਼ ਲਈ ਢੁੱਕਵਾਂ ਮਾਹੌਲ ਸਿਰਜਣ ਦੇ ਨਾਲ ਨਾਲ ਪੰਜਾਬ ਤੇ ਜਾਪਾਨ ਦਰਮਿਆਨ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਾਸਤੇ ਲਗਾਤਾਰ ਠੋਸ ਉਪਰਾਲੇ ਕਰ ਰਹੀ ਹੈ। ਇੰਡੀਅਨ ਸਕੂਲ ਆਫ ਬਿਜ਼ਨਸ (ਆਈ. ਐਸ.ਬੀ.), ਮੋਹਾਲੀ ਵਿਖੇ ਕਰਵਾਏ ਗਏ 5ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2023 ਦੇ ਪਹਿਲੇ ਦਿਨ ÷ਜਾਪਾਨ- ਪਾਰਟਨਰ ਕੰਟਰੀ÷ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਕਾਰੋਬਾਰ ਨੂੰ ਹੋਰ ਸੌਖਾਲਾ ਬਣਾਉਣਾ, ਰੋਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨਾ, ਮਜ਼ਬੂਤ ਬੁਨਿਆਦੀ ਢਾਂਚੇ ਤੱਕ ਪਹੁੰਚ ਅਤੇ ਸ਼ਾਸਨ ਵਿੱਚ ਵਧੇਰੇ ਪਾਰਦਰਸ਼ਤਾ ਲਿਆਉਣਾ ਪੰਜਾਬ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਹਨ। ਕੌਮੀ ਆਰਥਿਕ ਵਿਕਾਸ ਵਿੱਚ ਪੰਜਾਬ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦਾ ਕੁੱਲ ਰਕਬਾ ਭਾਰਤ ਦੇ ਭੂਮੀ ਖੇਤਰ ਦਾ ਮਹਿਜ਼ 1.5 ਫੀਸਦ ਬਣਦਾ ਹੈ ਪਰ ਭਾਰਤ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਸੂਬੇ ਦਾ ਯੋਗਦਾਨ 3 ਫੀਸਦ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੌਮਾਂਤਰੀ ਪੱਧਰ ਉਤੇ ਕਾਰੋਬਾਰ ਵਾਲੀ ਨਵੀਂ ਥਾਂ ਵਜੋਂ ਉੱਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਭਾਰਤ ਦੇ ਅੰਨ ਭੰਡਾਰ ਵਜੋਂ ਵੀ ਜਾਣਿਆ ਜਾਂਦਾ ਹੈ ਕਿਉਂਕਿ ਕੇਂਦਰੀ ਪੂਲ ਦੇ ਅਨਾਜ ਵਿੱਚ ਸੂਬਾ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ। ਪੰਜਾਬ ਵਿੱਚ ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ, ਟੈਕਸਟਾਈਲ, ਸਾਈਕਲ ਨਿਰਮਾਣ, ਇੰਜਨੀਅਰਿੰਗ, ਆਟੋ ਕੰਪੋਨੈਂਟਸ, ਮਸ਼ੀਨ ਟੂਲਜ਼, ਫਾਰਮਾਸਿਊਟੀਕਲ, ਆਈ.ਟੀ. ਅਤੇ ਸੈਰ-ਸਪਾਟਾ ਖੇਤਰ ਵਿੱਚ ਅਥਾਹ ਸਮਰੱਥਾ ਹੈ ਅਤੇ ਪੰਜਾਬ ਦੀ ਅਰਥਵਿਵਸਥਾ ਦੇਸ਼ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਜਾਪਾਨ ਨਾਲ ਲੰਬੇ ਸਮੇਂ ਤੋਂ ਸੱਭਿਆਚਾਰਕ ਅਤੇ ਦੁਵੱਲੇ ਵਪਾਰਕ ਸਬੰਧ ਚੱਲੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵੱਲੋਂ ਜਾਪਾਨ ਨੂੰ 336 ਕਰੋੜ ਰੁਪਏ ਦੀਆਂ ਵਸਤਾਂ ਬਰਾਮਦ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਜਾਪਾਨ, ਉਦਯੋਗੀਕਰਨ ਅਤੇ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵਾਸਤੇ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ।

ਡੈਲੀਗੇਟਾਂ ਨੂੰ ਨਿਵੇਸ਼ ਲਈ ਬਿਹਤਰੀਨ ਸੂਬੇ ਪੰਜਾਬ ਆਉਣ ਦਾ ਸੱਦਾ ਦਿੰਦਿਆਂ ਉਨ੍ਹਾਂ ਨੇ ਪੰਜਾਬ ਨੂੰ ਵਪਾਰ ਲਈ ਸਭ ਤੋਂ ਸੁਰੱਖਿਅਤ ਸਥਾਨ ਦੱਸਿਆ। ਸੂਬੇ ਵਿੱਚ 100 ਤੋਂ ਵੱਧ ਜਾਪਾਨੀ ਵਪਾਰਕ ਅਦਾਰਿਆਂ ਦੇ ਹੋਣ ਦਾ ਜ਼ਿਕਰ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੀ ਇੰਡਸਟਰੀ ਵੱਲੋਂ ਨਿਰਮਾਣ, ਟੈਕਨਾਲੋਜੀ, ਮਾਰਕੀਟ ਸਹਾਇਤਾ ਜਿਹੇ ਖੇਤਰਾਂ ਵਿੱਚ ਜਾਪਾਨ ਦੇ ਉਦਯੋਗਾਂ ਨਾਲ ਕੀਤੀ ਭਾਈਵਾਲੀ ਸਫ਼ਲ ਰਹੀ ਹੈ। ਸੂਬੇ ਵਿੱਚ ਨਿਵੇਸ਼ ਕਰਨ ਵਾਲੀਆਂ ਪ੍ਰਮੁੱਖ ਕੰਪਨੀਆਂ ਵਿੱਚ ਆਈਚੀ ਸਟੀਲਜ਼- ਸਟੀਲ ਆਰਮ ਆਫ਼ ਟੋਇਟਾ, ਯਾਨਮਾਰ, ਐਸਐਮਐਲ ਇਸੂਜ਼ੂ, ਟੋਪਾਨ, ਮਿਤਸੂਈ, ਗੁਨਮਾ ਸੇਈਕੋ ਐਂਡ ਕੋਇਓ ਸ਼ਾਮਲ ਹਨ। ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਮਿਤ ਢਾਕਾ ਨੇ ਪੰਜਾਬ ਵਿੱਚ ਉਦਯੋਗਾਂ ਨੂੰ ਦਿੱਤੇ ਜਾ ਰਹੇ ਪ੍ਰੋਤਸਾਹਨ ਅਤੇ ਹੋਰ ਸੇਵਾਵਾਂ ਬਾਰੇ ਪੇਸ਼ਕਾਰੀ ਦਿੰਦੇ ਹੋਏ ਕਿਹਾ ਕਿ ਬਿਜਲੀ ਸਰਪਲੱਸ ਸੂਬੇ ਪੰਜਾਬ ਵਿੱਚ ਬਿਜਲੀ ਡਿਊਟੀ ਵਿੱਚ ਛੋਟ ਦੇ ਨਾਲ-ਨਾਲ ਲੈਂਡ ਡਿਵੈੱਲਪਮੈਂਟ ਚਾਰਜ ਅਤੇ ਸਟੈਂਪ ਡਿਊਟੀ ਤੋਂ 100 ਫੀਸਦ ਛੋਟ/ਮੁਆਵਜ਼ੇ ਦੀ ਸਹੂਲਤ ਵੀ ਦੇ ਰਿਹਾ ਹੈ। ਪੰਜਾਬ ਵਿੱਚ ਬਿਹਤਰੀਨ ਸੜਕ ਨੈੱਟਵਰਕ ਦੇ ਨਾਲ ਨਾਲ ਉੱਤਮ ਲਾਜਿਸਟਿਕਸ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਦੋ ਅੰਤਰਰਾਸ਼ਟਰੀ ਅਤੇ ਚਾਰ ਘਰੇਲੂ ਹਵਾਈ ਅੱਡੇ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਕੰਮ ਕਰ ਰਹੀਆਂ ਜਾਪਾਨੀ ਕੰਪਨੀਆਂ ਨੂੰ ਪੁਖ਼ਤਾ ਤੇ ਸੁਚਾਰੂ ਸਹੂਲਤ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸੂਬਾ ਸਰਕਾਰ ਨੇ ਇਨਵੈਸਟ ਪੰਜਾਬ ਵਿਖੇ ਇੱਕ ਸਮਰਪਿਤ ਜਾਪਾਨ ਡੈਸਕ ਸਥਾਪਤ ਕੀਤਾ ਹੈ, ਜੋ ਇੱਕੋ ਥਾਂ 'ਤੇ ਸਾਰੇ ਨਵੇਂ ਅਤੇ ਮੌਜੂਦਾ ਨਿਵੇਸ਼ਕਾਂ ਨੂੰ ਸੰਪਰਕ ਉਪਲਬਧ ਕਰਵਾਉਂਦਾ ਹੈ।